# ਦੇਸ਼ ਦੁਆਬਾ

VOL - 3 ISSUE - 8
July 16-31, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com






ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




24 ਸਾਲ ਬਾਅਦ ਜਰਮਨ ਬਣਿਆ ਵਿਸ਼ਵ ਚੈਂਪੀਅਨ (ਦੇਖੋ ਸਫਾ 10 ਤੇ )

# ਹਰਿਆਣਾ ਦੀ ਨਵੀਂ ਗੁਰਦੁਆਰਾ ਕਮੇਟੀ ਦਾ ਮਸਲਾ ਗੰਭੀਰ ਦਿਸ਼ਾ ਅਖ਼ਤਿਆਰ ਕਰ ਗਿਆ

## ਅਕਾਲੀ ਦਲ ਬਾਦਲ ਅੜਿਆ, ਅਕਾਲ ਤਖਤ ਵੱਲੋਂ ਹਰਿਆਣੇ ਦੇ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਆਰੰਭ, ਹਰਿਆਣਾ ਸਰਕਾਰ ਰਾਜਨੀਤਿਕ ਲਾਭ ਲੈਣ ਲਈ ਉਤਾਵਲੀ

ਅੰਮ੍ਰਿਤਸਰ- ਹਰਿਆਣਾ ਸਰਕਾਰ ਵੱਲੋਂ ਹਰਿਆਣਾ ਵਿਚ ਸਥਿਤ ਗੁਰੂ ਘਰਾਂ ਦੀ ਸਾਂਭ-ਸੰਭਾਲ ਲਈ ਕਾਇਮ ਕੀਤੀ ਜਾ ਰਹੀ ਨਵੀਂ ਗੁਰਦੁਆਰਾ ਕਮੇਟੀ ਦਾ ਵਿਵਾਦ ਹੁਣ ਨਾਜ਼ੁਕ ਮੋੜ ਤੇ ਪਹੁੰਚ ਗਿਆ ਹੈ। ਇਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਕਮੇਟੀ ਨੂੰ ਨਾ ਬਣਨ ਦੇਣ ਲਈ ਕੇਂਦਰ ਸਰਕਾਰ ਦੇ ਦਖਲ ਦੀ ਮੰਗ ਨੂੰ ਕਰਦਿਆਂ ਅਸਤੀਫਾ ਤੱਕ ਦੇਣ ਦੀ ਧਮਕੀ ਦੇ ਰਹੇ ਹਨ, ਦੂਜੇ ਪਾਸੇ ਪੰਜਾਬ ਦੀਆਂ ਕੁਝ ਸਿੱਖ ਜਥੇਬੰਦੀਆਂ ਸਮੇਤ ਅਕਾਲ ਤਖਤ ਨੇ ਵੀ ਸਖਤ ਸਟੈਂਡ ਲੈ ਲਿਆ ਹੈ। ਹੁਣ ਇਸ ਕਮੇਟੀ ਦਾ ਭਵਿੱਖ ਕੀ ਹੋਵੇਗਾ, ਇਸ ਬਾਰੇ ਤਾਂ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਸਪਸ਼ਟ ਹੈ ਕਿ ਇਸ ਦਾ ਰਾਜਨੀਤਿਕ ਲਾਭ ਹਰਿਆਣਾ ਕਾਂਗਰਸ ਲੈਣ ਦੀ ਪੂਰੀ ਕੋਸ਼ਿਸ਼ ਕਰੇਗੀ।

### ਚੱਠਾ, ਝੀਂਡਾ ਤੇ ਨਲਵੀ ਪੰਥ ਤੋਂ ਛੇਕੇ

ਹਰਿਆਣਾ ਵਿੱਚ ਸਿੱਖ ਸ਼ਕਤੀ ਨੂੰ ਵੰਡਣ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋ ਕੇ ਸ੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਦੇ ਦੋਸ਼ ਹੇਠ ਹਰਿਆਣਾ ਸਰਕਾਰ ਦੇ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਸਮੇਤ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਦੋ ਸਿੱਖ ਆਗੂਆਂ ਜਗਦੀਸ਼ ਸਿੰਘ ਝੀਂਡਾ ਤੇ ਦੀਦਾਰ ਸਿੰਘ ਨਲਵੀ ਨੂੰ ਅੱਜ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਪੰਥ ਵਿੱਚੋਂ ਛੇਕਣ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਹੈ।

ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਬਾਅਦ ਦੁਪਹਿਰ ਤਖ਼ਤ ਦੀ ਫਸੀਲ ਤੋਂ ਪੜ੍ਹ ਕੇ ਸਿੱਖ ਸੰਗਤਾਂ ਨੂੰ ਸੁਣਾਇਆ ਗਿਆ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਅੰਤ੍ਰਿੰਗ ਕਮੇਟੀ ਸਮੇਤ ਸੰਤ ਸਮਾਜ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਇਸ ਸਬੰਧ ਵਿੱਚ ਦਿੱਤੇ ਗਏ ਮੰਗ ਪੱਤਰ ’ਤੇ ਪੰਜ ਸਿੰਘ ਸਾਹਿਬਾਨ ਵੱਲੋਂ ਗੰਭੀਰ ਵਿਚਾਰ ਕਰਨ ਮਗਰੋਂ ਇਨ੍ਹਾਂ ਸਿੱਖ ਵਿਅਕਤੀਆਂ ਨੂੰ ਪੰਥ ਵਿੱਚੋਂ ਛੇਕਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਇਸ ਹੁਕਮਨਾਮੇ ਰਾਹੀਂ ਇਨ੍ਹਾਂ ਤਿੰਨ ਸਿੱਖ ਆਗੂਆਂ ਨੂੰ ਪੰਥ ਵਿੱਚੋਂ ਛੇਕਣ ਦਾ ਐਲਾਨ



ਕਰਦਿਆਂ ਆਖਿਆ ਕਿ ਇਨ੍ਹਾਂ ਪੰਥ ਦੋਖੀਆਂ ਅਤੇ ਗੁਰਮਤਿ ਦੇ ਦੋਸ਼ੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਨੂੰ ਚੁਣੌਤੀ ਦੇਣ ਦੇ ਕਾਰਨ ਇਨ੍ਹਾਂ ਕੋਲੋਂ ਸਿੱਖ ਹੋਣ ਦਾ ਮਾਣ ਸਤਿਕਾਰ ਅਤੇ ਹੱਕ ਹਕੂਕ ਵਾਪਸ ਲਏ ਜਾਂਦੇ ਹਨ। ਉਨ੍ਹਾਂ ਨੇ ਦੇਸ਼ ਵਿਦੇਸ਼ ਦੀ ਸਿੱਖ ਸੰਗਤ ਨੂੰ ਹਦਾਇਤ ਕੀਤੀ ਕਿ ਜਦੋਂ ਤੱਕ ਤਿੰਨੋਂ ਵਿਅਕਤੀ ਸ੍ਰੀ ਅਕਾਲ ਤਖ਼ਤ ’ਤੇ ਪੇਸ਼ ਹੋ ਕੇ ਪੰਥਕ ਰਵਾਇਤਾਂ ਅਨੁਸਾਰ ਤਨਖਾਹ ਨਹੀਂ ਲਗਵਾ ਲੈਂਦੇ, ਇਨ੍ਹਾਂ ਨਾਲ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਬੰਧ ਨਾ ਰੱਖੇ ਜਾਣ। ਉਨ੍ਹਾਂ ਨੇ ਹਰਿਆਣਾ ਦੀ ਵੱਖਰੀ ਕਮੇਟੀ ਦੇ ਹੋਰ ਸਹਿਯੋਗੀਆਂ ਨੂੰ ਸਖ਼ਤ ਤਾੜਨਾ ਕੀਤੀ ਹੈ ਕਿ ਉਹ ਭਰਾ ਮਾਰੂ ਜੰਗ ਤੋਂ ਸੁਚੇਤ ਰਹਿਣ।

### ਹਰਿਆਣਾ ਸਿੱਖ ਸੰਗਤ ਨੇ ਅੱਜ ਕੁਰੂਕਸ਼ੇਤਰ ’ਚ ਹੰਗਾਮੀ ਮੀਟਿੰਗ ਸੱਦੀ

ਚੰਡੀਗੜ੍ਹ- ਸ੍ਰੀ ਅਕਾਲ ਤਖ਼ਤ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਦੋ ਸਿੱਖ ਆਗੂਆਂ ਜਥੇਦਾਰ ਦੀਦਾਰ ਸਿੰਘ ਨਲਵੀ ,ਜਗਦੀਸ਼ ਸਿੰਘ ਝੀਂਡਾ ਅਤੇ ਹਰਿਆਣਾ ਦੇ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਪੰਥ ਵਿੱਚੋਂ ਖਾਰਜ ਕਰਨ ਦੇ ਮੁੱਦੇ ਨੂੰ ਲੈ ਕੇ ਇਸ ਮੁੱਦੇ ’ਤੇ ਵਿਚਾਰ-ਵਟਾਂਦਰਾ ਕਰਨ ਲਈ ਸਿੱਖ ਸੰਗਤ ਦੀ ਭਲਕੇ ਇਕ ਹੰਗਾਮੀ ਮੀਟਿੰਗ ਕੁਰੂਕਸ਼ੇਤਰ ਵਿੱਚ ਸੱਦੀ ਗਈ ਹੈ। ਜਥੇਦਾਰ ਨਲਵੀ ,ਝੀਂਡਾ ਅਤੇ ਵਿੱਤ ਮੰਤਰੀ ਚੱਠਾ ਨੇ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਇਸ ਫੈਸਲੇ ਦੀ ਲਿਖਤੀ ਜਾਣਕਾਰੀ ਨਹੀਂ ਮਿਲੀ ਹੈ ਅਤੇ ਮਿਲਣ ਤੋਂ ਬਾਅਦ ਹੀ ਇਸ ਮਾਮਲੇ ’ਤੇ ਵਿਚਾਰ ਕੀਤਾ ਜਾਵੇਗਾ। ਇਸ ਫੈਸਲੇ ਦੀ ਖ਼ਬਰ ਮਿਲਦੇ ਸਾਰ ਹੀ ਹਰਿਆਣਾ ਦੇ ਕੁਝ ਆਗੂ ਅੰਬਾਲਾ ਵਿੱਚ ਮਿਲੇ ਤੇ ਉਨ੍ਹਾਂ ਨੇ ਇਸ ਮੁੱਦੇ ’ਤੇ ਵਿਚਾਰ-ਵਟਾਂਦਰਾ ਕਰਨ ਲਈ ਭਲਕੇ ਡੇਰਾ ਕਾਰ ਸੇਵਾ ਕੁਰੂਕਸ਼ੇਤਰ ਵਿੱਚ ਸਿੱਖ ਸੰਗਤ ਦੀ ਮੀਟਿੰਗ ਸੱਦਣ ਦਾ ਫੈਸਲਾ ਕਰ ਲਿਆ। ਹਰਿਆਣਾ ਦੇ ਵਿੱਤ ਮੰਤਰੀ ਚੱਠਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਫੈਸਲੇ ਦੀ ਕੋਈ ਲਿਖਤੀ ਜਾਣਕਾਰੀ ਨਹੀਂ ਹੈ। ਇਸ ਫੈਸਲੇ ਬਾਰੇ ਉਹ ਹੋਰ ਕੁਝ ਨਹੀਂ ਕਹਿਣਾ ਚਾਹੁੰਦੇ। ਸ੍ਰੀ ਝੀਂਡਾ ਨਾਲ ਗੱਲ ਕੀਤੀ ਤਾਂ ਉਨਾਂ ਕਿਹਾ ਕਿ ਸਿੱਖ ਸੰਗਤ ਦੀ ਭਲਕੇ ਮੀਟਿੰਗ ਸੱਦੀ ਗਈ ਹੈ ਤੇ ਉਦੋਂ ਹੀ ਕੋਈ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿੱਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੀ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਫੋਨ ਆਏ ਹਨ ਤੇ ਸਿੱਖ ਸੰਗਤਾਂ ਨੇ ਸ੍ਰੀ ਅਕਾਲ ਤਖ਼ਤ ਦੇ ਫੈਸਲੇ ਨਾਲ ਸਖਤ ਨਾਰਾਜ਼ਗੀ ਜ਼ਾਹਿਰ ਕੀਤੀ ਹੈ।

ਜਥੇਦਾਰ ਨਲਵੀ ਨੇ ਕਿਹਾ ਕਿ ਉਹ ਗੁਰੂ ਪੰਥ ਦੇ ਨਿਮਾਣੇ ਸਿੱਖ ਹਨ ਤੇ ਸ੍ਰੀ ਅਕਾਲ ਤਖ਼ਤ

(ਬਾਕੀ ਸਫਾ 12 ਤੇ)

# ਨਵੇਂ ਟੈਕਸ ਤੋਂ ਰਹਿਤ ਪੰਜਾਬ ਦਾ 4252 ਕਰੋੜ ਦੇ ਘਾਟੇ ਵਾਲਾ ਬਜਟ ਪੇਸ਼

ਚੰਡੀਗੜ੍ਹ- ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਸਾਲ 2014-15 ਦੇ ਬਜਟ ਵਿੱਚ ਕੋਈ ਕ੍ਰਿਸ਼ਮਾ ਨਹੀਂ ਦਿਖਾਇਆ। ਉਨ੍ਹਾਂ ਨੇ ਅੱਜ 4,252 ਕਰੋੜ ਰੁਪਏ ਦੇ ਮਾਲੀ ਘਾਟੇ ਵਾਲਾ ਬਜਟ ਪੇਸ਼ ਕੀਤਾ ਜੋ ਕਿ ਬਜਟ ਘੱਟ ਅਤੇ ਅਨੁਮਾਨਾਂ ਤੇ ਅੰਕੜਿਆਂ ਦਾ ਹਿਸਾਬ-ਕਿਤਾਬ ਵੱਧ ਸੀ। ਬਜਟ ਵਿੱਚ ਨਾ ਤਾਂ ਕੋਈ ਟੈਕਸ ਲਗਾਇਆ ਗਿਆ ਤੇ ਨਾ ਹੀ ਕਿਸੇ ਵਰਗ ਨੂੰ ਰਾਹਤ ਦਿੱਤੀ ਗਈ ਹੈ। ਸਰਕਾਰ ਨੇ ਵਿਦਿਆਰਥੀਆਂ ਨੂੰ ਲੈਪਟਾਪ ਦੇਣ ਦੀ ਸਹੂਲਤ ਵਾਪਸ ਲੈਣ ਦਾ ਜ਼ਰੂਰ ਫੈਸਲਾ ਕਰ ਲਿਆ ਹੈ। ਉਂਜ, ਇਹ ਸਕੀਮ ਬਜਟ ਦਾ ਹਿੱਸਾ ਨਹੀਂ ਰਹੀ। ਬਜਟ ’ਚ ਮਾਲੀ ਪ੍ਰਾਪਤੀਆਂ ਅਤੇ ਮਾਲੀ ਖਰਚਿਆਂ ਦਾ ਜੋ ਲੇਖਾ-ਜੋਖ਼ਾ ਦਿੱਤਾ ਗਿਆ ਹੈ, ਉਸ ਮੁਤਾਬਕ ਸਾਰੀ ਕਮਾਈ ਬੱਝਵੇਂ ਖਰਚਿਆਂ ਦੀ ਹੀ ਭੇਂਟ ਚੜ੍ਹਨੀ ਹੈ। ਸਰਕਾਰ ਨੂੰ ਇਸ ਮਾਲੀ ਸਾਲ ਦੌਰਾਨ ਮਾਲੀ ਸਰੋਤਾਂ ਤੇ ਕੇਂਦਰ ਸਰਕਾਰ ਦੇ ਕਰਾਂ ਤੋਂ ਕੁੱਲ 44,893 ਕਰੋੜ ਰੁਪਏ ਦੀ ਆਮਦਨ ਹੋਣੀ ਹੈ। ਇਸ ਦੇ ਉਲਟ ਖ਼ਰਚੇ



49,145 ਕਰੋੜ ਰੁਪਏ ਦੇ ਮਿਥੇ ਗਏ ਹਨ। ਵਿੱਤ ਮੰਤਰੀ ਨੇ ਕੁੱਲ 73,593 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ। ਇਸ ਅਨੁਸਾਰ ਸਾਲਾਨਾ ਯੋਜਨਾ 20100 ਕਰੋੜ ਰੁਪਏ ਦੀ ਹੋਵੇਗੀ। ਸਰਕਾਰ ਦਾ ਮਾਲੀ ਘਾਟਾ ਕੁੱਲ ਘਰੇਲੂ ਉਤਪਾਦ ਦਾ 1.66 ਫੀਸਦੀ ਬਣਦਾ ਹੈ ਜਦੋਂਕਿ ਰਾਜਕੋਸ਼ੀ ਘਾਟਾ, ਜੋ ਕਿ 10273 ਕਰੋੜ ਰੁਪਏ ਹੈ, ਕੁੱਲ ਘਰੇਲੂ ਉਤਪਾਦ ਦਾ 2.84 ਫੀਸਦੀ ਬਣਦਾ ਹੈ। ਵਿੱਤ ਮੰਤਰੀ ਵੱਲੋਂ ਬਜਟ

(ਬਾਕੀ ਸਫਾ 12 ਤੇ)




Prime Real Estate Services
Kulwinder Singh Realtor
Liquor store for sale in Manteca Area. For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991


# ਕਲਿੰਟਨ ਨੇ ਦੇਖੀ ਰਾਜਸਥਾਨ ਦੇ ਸਕੂਲ ਦੀ ਰਸੋਈ

ਜੈਪੁਰ- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਅੱਜ ਇੱਥੇ ਸਰਕਾਰੀ ਸਕੂਲ ਵਿੱਚ ਮਿੱਡ-ਡੇਅ-ਮੀਲ ਤਿਆਰ ਹੁੰਦਾ ਦੇਖਿਆ ਤੇ ਫਿਰ ਹਜ਼ਾਰਾਂ ਬੱਚਿਆਂ ਨੂੰ ਰੋਟੀਆਂ ਵਰਤਾਈਆਂ। ਇਹ ਰਸੋਈ ਇਕ ਐਨਜੀਓ ਵੱਲੋਂ ਚਲਾਈ ਜਾ ਰਹੀ ਹੈ। ਕਲਿੰਟਨ ਅਕਸ਼ਿਆ ਪੱਤਰ ਫਾਊਂਡੇਸ਼ਨ ਜਗਤਪੁਰਾ ਗਏ ਜਿੱਥੇ ਉਨ੍ਹਾਂ ਨੇ ਸਰਕਾਰੀ ਸਕੂਲ ਦੇ ਵੱਡੀ ਗਿਣਤੀ ਬੱਚਿਆਂ ਲਈ ਤਕਨਾਲੋਜੀ ਨਾਲ ਭੋਜਨ ਤਿਆਰ ਹੁੰਦਾ ਦੇਖਿਆ। ਆਪਣੇ ਏਸ਼ੀਆ/ ਪ੍ਰਸ਼ਾਂਤ ਖਿੱਤੇ ਦੇ ਟੂਰ ਦੇ ਹਿੱਸੇ ਵਜੋਂ ਸੋਮਵਾਰ ਦੀ ਰਾਤ ਨੂੰ ਪੁੱਜੇ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਇੱਥੇ ਕਲਿੰਟਨ ਫਾਊਂਡੇਸ਼ਨ ਵੱਲੋਂ ਕੀਤਾ ਜਾ ਰਿਹਾ ਕਾਰਜ ਦੇਖਣ ਲਈ ਆਏ ਸਨ। ਉਹ 25 ਮੈਂਬਰੀ ਵਫ਼ਦ ਨਾਲ ਐਨਜੀਓ ਦੇ ਟਿਕਾਣੇ ਉੱਤੇ ਪੁੱਜੇ ਜਿੱਥੇ ਸੰਗਠਨ ਦੇ ਟਰੱਸਟ ਮੈਂਬਰਾਂ ਅਤੇ ਕੁਝ ਸਕੂਲ ਵਿਦਿਆਰਥੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਹੈ। ਫਿਰ ਉਨ੍ਹਾਂ ਨੇ ਘੰਟਾ ਭਰ ਰਸੋਈ ਦਾ ਦੌਰਾ ਕੀਤਾ ਤੇ ਦੇਖਿਆ ਕਿ ਜੈਪੁਰ ਤੇ

(ਬਾਕੀ ਸਫਾ 12 ਤੇ)






MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਡਾ. ਸਰੋਜ ਰਾਣੀ ਦਾ ਸੈਕਰਾਮੈਂਟੋ ਵਿਚ ਨਿੱਘਾ ਸਵਾਗਤ






ਪਿਛਲੇ ਦਿਨੀਂ ਡਾ. ਸਰੋਜ ਰਾਣੀ, ਸਹਾਇਕ ਪ੍ਰੋਫੈਸਰ, ਡਿਪਾਰਟਮੈਂਟ ਆਫ ਇਕਨਾਮਿਕਸ, ਮੈਤਰੇਈ ਕਾਲਜ (ਦਿੱਲੀ ਯੂਨੀਵਰਸਿਟੀ) ਅਤੇ ਉਹਨਾਂ ਦੇ ਨਾਲ ਸਹਾਇਕ ਪ੍ਰੋਫੈਸਰ ਡਾ ਜਯੋਤੀ, ਜੋ ਕਿ ਯੂਨੀਵਰਸਿਟੀ ਵੱਲੋਂ ਇਕ ਰਿਸਰਚ ਦੌਰੇ ਤੇ ਕੈਲੀਫੋਰਨੀਆ ਆਏ। ਉਹਨਾਂ ਨੇ ਇਸ ਦੌਰਾਨ ਕੁਝ ਸਮਾਂ ਕਮਿਊਨਿਟੀ ਲੀਡਰ ਸ੍ਰੀ ਹੰਸ ਰਾਜ ਕਾਜਲਾ ਜੀ ਦੇ ਨਿਵਾਸ ਵਿਖੇ ਕਮਿਊਨਿਟੀ ਆਗੂਆਂ ਨਾਲ ਵਿਚਾਰ ਸਾਂਝੇ ਕੀਤੇ। ਇਸ ਦੌਰਾਨ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਦੀਆਂ ਕੁਝ ਯਾਦਗਾਰੀ ਤਸਵੀਰਾਂ।

**Images: Prem K. Chumber # www.ambedkartimes.com & www.deshdoaba.com**
















ਭੀਮ ਰਾਓ ਅੰਬੇਦਕਰ ਸਿੱਖ ਫਾਊਂਡੇਸ਼ਨ ਨੇ ਗਿਆਨੀ ਦਿੱਤ ਸਿੰਘ ਜੀ ਦਾ 164ਵਾਂ, ਡਾ. ਅੰਬੇਦਕਰ ਜੀ ਦਾ 123ਵਾਂ ਅਤੇ ਡੀ ਕੇ ਖਾਪਰਡੇ ਦਾ 75ਵਾਂ ਜਨਮ ਦਿਹਾੜਾ ਸਾਂਝੇ ਤੌਰ ਤੇ ਸਟਾਕਟਨ ਵਿਖੇ ਮਨਾਇਆ। ਇਸ ਦੇ ਮੁੱਖ ਮਹਿਮਾਨ ਵਜੋਂ ਭਾਰਤ ਤੋਂ ਬਾਮਸੇਫ ਦੇ ਪ੍ਰਧਾਨ ਸ੍ਰੀ ਬੀ. ਡੀ. ਬੋਰਕਰ ਸ਼ਾਮਲ ਹੋਏ। ਇਸ ਮੌਕੇ ਸ੍ਰੀ ਬੋਰਕਰ ਤੋਂ ਇਲਾਵਾ ਡਾ. ਅਮਰੀਕ ਸਿੰਘ, ਐਮ. ਆਰ. ਪਾਲ, ਮਨਜੀਤ ਸਿੰਘ ਉੱਪਲ, ਹਰਸਿਮਰਨ ਸਿੰਘ ਹੁੰਦਲ, ਨਾਨਕ ਸਿੰਘ ਅਤੇ ਹਰਬਲਾਸ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਪ੍ਰੋਗਰਾਮ ਦੇ ਝਲਕਾਰੇ ਤਸਵੀਰਾਂ ਦੀ ਜ਼ੁਬਾਨੀ।

***Images: Prem K. Chumber # www.ambedkartimes.com & www.deshdoaba.com***

# ਗਦਰ ਲਹਿਰ ਦੀ ਪਹਿਲੀ ਜਨਮ ਸ਼ਤਾਬਦੀ ਦੇ ਸੰਦਰਭ ਵਿਚ ਗਦਰ ਲਹਿਰ ਦੀ ਕਹਾਣੀ ਤੇ ਗਦਰੀ ਯੋਧੇ ਪੁਸਤਕਾਂ ਰਿਲੀਜ

## ਗਦਰੀ ਯੋਧਿਆਂ ਦੀ ਯਾਦ ਵਿੱਚ ਦਿੱਤੇ ਅਵਾਰਡਾਂ ਨਾਲ ਉੱਘੀਆਂ ਹਸਤੀਆਂ ਸਨਮਾਨਿਤ











ਸਰੀ (ਕਨੇਡਾ) (ਜੈਤੇਗ ਸਿੰਘ ਅਨੰਤ): ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕਨੇਡਾ ਵੱਲੋਂ ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕਨੇਡਾ ਦੇ ਸਹਿਯੋਗ ਨਾਲ ਗਦਰ ਲਹਿਰ ਦੀ ਪਹਿਲੀ ਜਨਮ ਸ਼ਤਾਬਦੀ ਨੂੰ ਸਮਰਪਿਤ ਭਾਈ ਸਾਹਿਬ ਰਣਧੀਰ ਸਿੰਘ ਦੇ 136ਵੇਂ ਜਨਮ ਦਿਨ ਨੂੰ ਵੱਡੀ ਪੱਧਰ ਤੇ ਬੀਤੇ ਸ਼ਨਿਚਰਵਰ 5 ਜੁਲਾਈ 2014 ਨੂੰ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਚ ਆਯੋਜਿਤ ਕੀਤਾ ਗਿਆ। ਸ. ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਨਾ ਕੀਤੀ ਪੁਸਤਕ ਗਦਰ ਲਹਿਰ ਦੀ ਕਹਾਣੀ ਤੇ ਨਾਮਵਰ ਸਿੱਖ ਚਿੰਤਕ ਅਤੇ ਵਿਦਵਾਨ ਡਾ. ਗੁਲਜਾਰ ਸਿੰਘ ਕੰਗ ਵੱਲੋਂ ਲਿਖਿਆ ਪਰਚਾ ਸਿਆਟਲ ਤੋਂ ਪੁੱਜੇ ਅਵਤਾਰ ਸਿੰਘ ਆਦਮਪੁਰੀ ਨੇ ਪੜ੍ਹਿਆ।'ਗਦਰੀ ਯੋਧੇ' ਪੁਸਤਕ ਤੇ ਪਰਚਾ ਉੱਘੇ ਵਿਦਵਾਨ ਡਾ. ਬਲਵਿੰਦਰ ਕੌਰ ਬਠਿੰਡਾ ਵੱਲੋਂ ਲਿਖਿਆ ਜਿਸਨੂੰ ਨਾਮਵਰ ਕਲਾਕਾਰ ਗੁਰਚਰਨ ਸਿੰਘ ਟੱਲੇਵਾਲੀਆ ਨੇ ਪੇਸ਼ ਕੀਤਾ।ਇਸੇ ਤਰ੍ਹਾਂ ਗਦਰ ਦੀ ਗੂੰਜ ਪੁਸਤਕ ਅਤੇ ਭਾਈ ਰਣਧੀਰ ਸਿੰਘ ਤੇ ਪਰਚਾ ਨਾਮਵਰ ਸ਼ਾਇਰ ਤੇ ਸਾਹਿਤ ਅਕੈਡਮੀ ਜੇਤੂ ਅਵਾਰਡ ਕਵੀ ਪਰਮਵੀਰ ਸਿੰਘ ਨੇ ਪੇਸ਼ ਕੀਤਾ।

ਇਸ ਅਵਸਰ ਤੇ ਬਰਤਾਨੀਆ ਤੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਪਰਿਵਾਰ ਤੇ ਅਮਰੀਕਾ ਤੋਂ ਪੁੱਜੇ ਗਿ. ਨਾਹਰ ਸਿੰਘ ਦੇਸ਼ ਭਗਤਾਂ ਦੇ ਪਰਿਵਾਰਾਂ ਨੇ ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਨਾ ਕੀਤੀਆਂ ਤਿੰਨ ਪੁਸਤਕਾਂ ਨੂੰ ਜੈਕਾਰਿਆਂ ਦੀ ਗੂੰਜ ਵਿਚ ਰਿਲੀਜ਼ ਕੀਤਾ। ਗਦਰ ਲਹਿਰ ਦੇ ਮਹਾਨ ਨਾਇਕ ਗਿ. ਨਾਹਰ ਸਿੰਘ ਦੇ ਸਪੁੱਤਰ ਸ. ਸਰਦੂਲ ਸਿੰਘ (ਸੈਂਟ ਲੁਇਸ ਅਮਰੀਕਾ) ਨੂੰ ਭਾਈ ਸਾਹਿਬ ਰਣਧੀਰ ਸਿੰਘ ਯਾਦਗਾਰੀ ਅਵਾਰਡ ਪ੍ਰਦਾਨ ਕੀਤਾ ਗਿਆ।ਗਿਆਨ ਸਿੰਘ ਸੰਧੂ ਤੇ ਦਲਜੀਤ ਸਿੰਘ ਸੰਧੂ ਵੈਨਕੂਵਰ ਨੂੰ ਸ਼ਹੀਦ ਭਾਗ ਸਿੰਘ ਤੇ ਸ਼ਹੀਦ ਮੇਵਾ ਸਿੰਘ ਯਾਦਗਾਰੀ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਲੰਡਨ ਤੋਂ ਪੁੱਜੇ ਭਾਈ ਰਣਧੀਰ ਸਿੰਘ ਦੇ ਪੜਪੋਤੇ ਭਾਈ ਜੁਝਾਰ ਸਿੰਘ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ, ਗਿ. ਜਗਦੀਸ਼ ਸਿੰਘ ਸਰੀ ਕਨੇਡਾ ਨੂੰ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਸੈਂਟ ਲੁਈਸ ਅਮਰੀਕਾ ਤੋਂ ਗਿ. ਨਾਹਰ ਸਿੰਘ ਦੇ ਪੋਤੇ ਡਾ. ਗੁਰਪ੍ਰਕਾਸ਼ ਸਿੰਘ ਨੂੰ ਬਾਬਾ ਵਸਾਖਾ ਸਿੰਘ ਯਾਦਗਾਰੀ ਅਵਾਰਡ, ਲੰਡਨ ਤੋਂ ਪੁੱਜੀ ਭਾਈ ਰਣਧੀਰ ਸਿੰਘ ਦੀ ਪੋਤਰੀ ਹਰਦੀਪ ਕੌਰ ਨੂੰ ਬੀਬੀ ਗੁਲਾਬ ਕੌਰ ਯਾਦਗਾਰੀ ਅਵਾਰਡ, ਕਾਰਬਨ ਡੇਲ ਅਮਰੀਕਾ ਪੁੱਜੀ ਗਿ. ਨਾਹਰ ਸਿੰਘ ਪੋਤੀ ਇਕਬਾਲ ਕੌਰ ਸਿੱਧੂ ਨੂੰ ਗਿ. ਨਾਹਰ ਸਿੰਘ ਯਾਦਗਾਰੀ ਅਵਾਰਡ, ਕੈਂਟ ਵਾਸ਼ਿੰਗਟਨ ਤੋਂ ਪੁੱਜੇ ਕਵੀ ਤੇ ਸ਼ਾਇਰ ਅਵਤਾਰ ਸਿੰਘ ਆਦਮਪੁਰੀ ਨੂੰ ਬਾਬਾ ਨਿਧਾਨ ਸਿੰਘ ਚੁੱਘਾ ਯਾਦਗਾਰੀ ਅਵਾਰਡ ਪ੍ਰਦਾਨ ਕੀਤਾ ਗਿਆ।ਭਾਈ ਸਾਹਿਬ ਹਰਿਚਰਨ ਸਿੰਘ ਯਾਦਗਾਰੀ ਅਵਾਰਡ ਅਮਰੀਕ ਸਿੰਘ ਹੁੰਦਲ ਸਰੀ ਨੂੰ ਦਿੱਤਾ ਗਿਆ।

ਇਹ ਅਵਾਰਡ ਕਨੇਡਾ ਦੀਆਂ ਨਾਮਵਰ ਹਸਤੀਆਂ ਜਿਹਨਾਂ ਵਿਚ ਮਾ. ਉਜਾਗਰ ਸਿੰਘ, ਦਵਿੰਦਰ ਸਿੰਘ ਗਰੇਵਾਲ, ਜੈਤੇਗ ਸਿੰਘ ਅਨੰਤ ਜਗਜੀਤ ਸਿੰਘ ਤੱਖਰ, ਵਰਲਡ ਸਿੱਖ ਆਰਗੇਨਾਈਜੇਸਨ ਦੇ ਫਾਉਂਡਰ ਸ. ਗਿਆਨ ਸਿੰਘ ਸੰਧੂ, ਕੁੰਦਨ ਸਿੰਘ ਸਾਜਨ,ਰਜਿੰਦਰ ਸਿੰਘ ਧਾਲੀਵਾਲ ,ਹਰਕੀਰਤ ਸਿੰਘ ਕੁਲਾਰ ,ਨਾਮਵਰ ਟੀਵੀ ਹੋਸਟ ਹਰਪ੍ਰੀਤ ਸਿੰਘ ਨੇ ਸ਼ਮੂਲੀਅਤ ਕੀਤੀ। ਹਰ ਅਵਾਰਡ ਵਿੱਚ ਯਾਦਗਾਰੀ ਚਿੰਨ, ਲੋਈ ਦਸਤਾਰ ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਅਵਾਰਡ ਪ੍ਰਾਪਤ ਕਰਨ ਵਾਲੀਆਂ ਸਮੂੰਹ ਸਖਸ਼ੀਅਥਤਾਂ ਬਾਰੇ 'ਸਾਈਟੇਸਨ' ਸ਼ੋਭਾ ਪੱਤਰ ਜੈਤੇਗ ਸਿੰਘ ਅਨੰਤ ਨੇ ਪੇਸ ਕੀਤੇ।ਸਿਆਟਲ ਤੋਂ ਪੁੱਜੇ ਨਾਮਵਰ ਲੇਖਕ ਵਾਸਦੇਵ ਸਿੰਘ ਪਰਹਾਰ ਤੇ ਸਰੀ ਦੀ ਨਾਮਵਰ ਸ਼ਖਸ਼ੀਅਤ ਜਸਮੇਲ ਸਿੰਘ ਸਰਾਂ ਨੂੰ ਫੁਲਾਂ ਦੇ ਗੁਲਦਸਤੇ ਭੇਂਟ ਕਰਕੇ ਸਨਮਾਨਿਤ ਕਤਿਾ ਗਿਆ। ਸਮਾਗਮ ਵਿੱਚ ਬੀਬੀ ਇਕਬਾਲ ਕੌਰ ਨੇ ਸ.ਸਰਦੂਲ ਸਿੰਘ ਜੋ ਗਿਆਨੀ ਨਾਹਰ ਸਿੰਘ ਦੇ ਵੱਡੇ ਸਪੁੱਤਰ ਹਨ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਡਾ.ਗੁਰਪ੍ਰਤਾਪ ਸਿੰਘ ਤੇ ਜੁਝਾਰ ਸਿੰਘ ਨੇ ਆ- ਪਣੇਂ ਪੁਰਖਿਆਂ ਵੱਲੋਂ ਗਦਰ ਲਹਿਰ ਵਿੱਚ ਦਿੱਤੇ ਯੋਗਦਾਨ ਦੀਆ ਯਾਦਾਂ ਤਾਜੀਆਂ ਕੀਤੀਆ। ਗਿਆਨ ਸਿੰਘ ਸੰਧੂ, ਪ੍ਰੇਮ ਸਿੰਘ ਵਿੰਨਿੰਗ,ਜਸਮੇਲ ਸਿੰਘ ਸਰਾਂ, ਦਲਜੀਤ ਸਿੰਘ ਸੰਧੂ, ਅਵਤਾਰ ਸਿੰਘ ਆਦਮਪੁਰੀ, ਹਰਕੀਰਤ ਸਿੰਘ ਕੁਲਾਰ ਨੇ ਇੱਕੋ ਸੁਰ ਵਿੱਚ ਇਸ ਗੱਲ ਤੇ ਜੋਰ ਦਿੱਤਾ ਗਦਰ ਲਹਿਰ ਇੱਕ ਸਿੱਖ ਲਹਿਰ ਸੀ। ਜਿਸ ਵਿੱਚ 92ਗ ਗੁਰਸਿੱਖ ਅਮ੍ਰਿਤਧਾਰੀ ਸਿੱਖਾਂ ਦਾ ਹੱਥ ਸੀ। ਭਾਰਤ ਵਿੱਚ ਭਾਈ ਰਣਧੀਰ ਸਿੰਘ ਦੇ ਸਾਥੀਆਂ ਦੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।ਇਸ ਲਈ ਗਦਰ ਲਹਿਰ ਸਿੱਖ ਸੋਚ ਅਤੇ ਸਿੱਖ ਵਿਰਾਸਤ ਨੂੰ ਸਮਰਪਿਤ ਲਹਿਰ ਸੀ ਗਦਰ ਲਹਿਰ ਵਿੱਚ ਖਾਲਸੇ ਦੇ ਬੋਲ ਬਾਲੇ ਦੀ ਹਮੇਸ਼ਾ ਗੱਲ ਹੁੰਦੀ ਸੀ।

ਇਸ ਸਮੇਂ ਸਿੱਖ ਸ਼ਹੀਦਾਂ, ਗਦਰੀ ਯੋਧਿਆਂ ਦੀਆ ਪੇਟਿੰਗਜ਼ ਤੇ ਤਸਵੀਰਾਂ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀਂ।ਭਾਈ ਸਾਹਿਬ ਰਣਧੀਰ ਸਿੰਘ ਦੀ 1920-22 ਹਜ਼ਾਰੀ ਬਾਗ ਤੇ ਰਾਜਮੁੰਦਰੀ ਜੇਲ ਵਿੱਚੋਂ ਲਿਖੀਆਂ ਇਤਿਹਾਸਕ ਚਿੱਠੀਆਂ ਦਾ ਪ੍ਰਦਰਸ਼ਨ ਬੀਤੇ ਸਮੇਂ ਕਾਲ ਕੋਠੜੀਆਂ ਦੀ ਅਮਰ ਗਾਥਾਂ ਪੇਸ਼ ਕਰਦੀਆ ਸਨ। ਗਿ.ਜਗਜੀਤ ਸਿੰਘ ਤੱਖਰ ਨੇ ਹੀਰਾ ਸਿੰਘ ਦਰਦ ਦੀ ਭਾਈ ਰਣਧੀਰ ਸਿੰਘ ਦੀਆਂ ਕਾਵਿ ਟੁਕੜੀਆਂ ਨੇ ਇੱਕ ਨਵਾਂ ਰੰਗ ਸਿਰਜਿਆ। ਸਮਾਗਮ ਵਿੱਚ ਬੜੀ ਵੱਡੀ ਗਿਣਤੀ ਵਿੱਚ ਭਾਈਚਵਾਰੇ ਦੀਆ ਨਾਮਵਰ ਸ਼ਖਸ਼ੀਅਤਾਂ ਜਿਨਾ ਵਿੱਚ ਸਿੱਖ ਵਿਦਵਾਨ, ਚਿੰਤਕ, ਮੀਡੀਆ, ਕਰਮੀਂ, ਪੰਥ ਦਰਦੀ, ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਹਾਜਰੀ ਵਿੱਚ ਸਰੋਤਿਆ ਠਾਠਾਂ ਮਾਰਦਾ ਸਮੁੰਦਰ ਵੇਖਣ ਨੂੰ ਮਿਲਦਾ ਸੀ। ਜਿਨਾ ਵਿੱਚ ਪ੍ਰੋ.ਹਰਦੇਵ ਸਿੰਘ ਵਿਰਕ,ਜੀਵਨ ਰਾਮਪੁਰੀ, ਪ੍ਰਿੰਸੀਪਲ ਸਰਵਣ ਸਿੰਘ, ਗਿ.ਕੇਵਲ ਸਿੰਘ ਨਿਰਦੋਸ਼, ਜਗਦੇਵ ਸਿੰਘ ਸੰਧੂ, ਕਾਵਿਤਰੀ ਸੁਖਵਿੰਦਰ ਕੌਰ, ਚਮਕੌਰ ਸਿੰਘ ਸੇਖੋਂ ਗੁਰਚਰਨ ਸਿੰਘ ਸੇਖੋਂ, ਮਾਸਟਰ ਅਮਰੀਕ ਸਿੰਘ ਲਹਿਲ,ਸੁਨੀਲ ਕੁਮਾਰ, ਪਿਆਰਾ ਸਿੰਘ ਨੱਤ, ਗੁਰਦੀਪ ਸਿੰਘ ਵਿਕਟੋਰੀਆ, ਨਗੀਨਾ ਸਿੰਘ , ਜਸਵੰਤ ਸਿੰਘ ਖਾਲਸਾ, ਤਾਲਿਬ ਸਿੰਘ ਸੰਧੂ ਸਾਬਕਾ ਐਮ. ਐਲ. ਏ, ਭਾਈ ਕੁਲਵਿੰਦਰ ਸਿੰਘ ਢਿੱਲੋਂ ਸ. ਜਸਵਿੰਦਰ ਸਿੰਘ ਢੱਟ.ਗੁਰਦੇਵ ਸਿੰਘ ਬਾਠ ਨੇ ਆਪਣੀਂ ਹਾਜ਼ਰੀ ਲਵਾਈ। ਪ੍ਰਧਾਨਗੀ ਮੰਡਲ ਵਿੱਚ ਜੈਤੇਗ ਸਿੰਘ ਅਨੰਤ, ਡਾ.ਗੁਰਪ੍ਰਕਾਸ਼ ਸਿੰਘ ਸੇਂਟ ਲੁਈਸ, ਜੁਝਾਰ ਸਿੰਘ ਲੰਡਨ ਤੇ ਜਗਜੀਤ ਸਿੰਘ ਤੱਖਰ ਸ਼ਾਮਲ ਸਨ। ਸਟੇਜ ਦੀ ਕਾਰਵਾਈ ਜਗਜੀਤ ਸਿੰਘ ਤੱਖਰ ਨੇ ਬਾਖੂਬੀ ਨਾਲ ਨਿਭਾਈ।ਸ਼ਿੰਗਾਰ ਸਿੰਘ ਸੰਧੂ ਤੇ ਕੇਵਲ ਸਿੰਘ ਧਾਲੀਵਾਲ ਨੇ ਪੁਸਤਕ ਪ੍ਰਦਰਸ਼ਨੀ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ। ਤਿੰਨ ਘੰਟੇ ਲੰਮਾ ਚਲਿਆ ਸਮਾਗਮ ਯਾਦਗਾਰੀ ਅਤੇ ਇਤਿਹਾਸਕ ਹੋ ਨਿਬੜਿਆ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਿੱਖ ਵਿਦਵਾਨ ਤੇ ਚਿੰਤਕ ਪ੍ਰੋ.ਉਦੈ ਸਿੰਘ, ਪਤਕ ਸਖਸ਼ੀਅਤ ਹਰਭਜਨ ਸਿੰਘ ਲਾਖਾ (ਸਾਬਕਾ ਮੈਂਬਰ ਪਾਰਲੀਮੈਂਟ) ਅਤੇ ਕੇਹਰ ਸਿੰਘ ਧਮੜੈਤ (ਸਾਬਕਾ ਪ੍ਰਧਾਨ ਵਰਲਡ ਸਿੱਖ ਆਰਗੇਨਾਈਜੇਸ਼ਨ) ਬਾਰੇ ਸੋਕ ਮਤੇ ਪੇਸ ਕੀਤੇ ਅਤੇ ਇੱਕ ਮਿੰਟ ਖੜ੍ਹੇ ਹੋ ਕੇ ਉਨਾ ਨੂੰ ਸਰਧਾਂਜਲੀ ਅਰਪਣ ਕੀਤੀ ਗਈ।ਤਿੰਨ ਘੰਟੇ ਲੰਮਾ ਚਲਿਆ ਸਮਾਗਮ ਯਾਦਗਾਰੀ ਅਤੇ ਇਤਿਹਾਸਕ ਹੋ ਨਿਬੜਿਆ।

## ਬੂਟਾ ਸਿੰਘ ਬਾਸੀ ਤੇ ਮਹਿੰਦਰ ਸਿੰਘ ਕੰਡਾ ਵੱਲੋਂ ਅਸੰਬਲੀ ਮੈਂਬਰ ਐਡਮ ਗੇਰ ਨਾਲ ਸਿੱਖਾਂ ਦੇ ਮਸਲਿਆਂ ਸਬੰਧੀ ਵਿਚਾਰਾਂ

ਕੈਲੀਫੋਰਨੀਆ (ਸਟਾਫ ਰਿਪੋਰਟਰ)- ਬੀਤੇ ਦਿਨ ਸਾਂਝੀ ਸੋਚ ਅਖਬਾਰ ਦੇ ਮੁਖ ਸੰਪਾਦਕ ਸ੍ਰ ਬੂਟਾ ਸਿੰਘ ਬਾਸੀ ਤੇ ਮਹਿੰਦਰ



ਸਿੰਘ ਕੰਡਾ ਚੀਫ ਰਿਪੋਰਟਰ ਸਾਂਝੀ ਸੋਚ ਨੇ ਟਵੰਟੀ ਫਸਟ ਡਿਸਟ੍ਰਿਕਟ ਤੋਂ ਅਸਬੰਲੀ ਮੈਂਬਰ ਐਡਮ ਸੀ ਗੇਰ ਨਾਲ ਸਿੱਖ ਮਸਲਿਆਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ। ਇਹ ਮੀਟਿੰਗ ਗੇਰ ਦੇ ਕੈਪੀਟਲ ਹਾਊਸ ਸੈਕਰਾਮੈਂਟੋ ਸਥਿੱਤ ਦਫਤਰ ਵਿਚ ਹੋਈ। ਮੀਟਿੰਗ ਵਿਚ ਸ੍ਰ ਬਾਸੀ ਤੇ ਸ੍ਰ ਕੰਡਾ ਨੇ ਸਕੂਲਾਂ ਵਿਚ ਸਿੱਖ ਬੱਚਿਆਂ ਦੀ ਸੁਰਖਿਆ, ਸ਼੍ਰੀ ਸਾਹਿਬ ਪਹਿਣਨ ਤੇ ਦਸਤਾਰਧਾਰੀ ਸਿੱਖਾਂ ਦੀ ਸੁਰਖਿਆ ਦੇ ਮੁੱਦੇ ਉਠਾਏ ਤੇ ਮੰਗ ਕੀਤੀ ਕਿ ਸਿੱਖਾਂ ਦੀ ਪਛਾਣ ਦੇ ਭੁਲੇਖੇ ਨੂੰ ਦੂਰ ਕਰਨ ਲਈ ਕਦਮ ਚੁੱਕੇ ਜਾਣ। ਸ੍ਰ ਬਾਸੀ ਨੇ ਕਿਹਾ ਕਿ ਬੀਤੇ ਵਿਚ ਸਿੱਖਾਂ ਦੀ ਪਛਾਣ ਕਾਰਨ ਪਏ ਭੁਲੇਖੇ ਦੇ ਸਿੱਟੇ ਵਜੋਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਸਿੱਖ ਇਕ ਬਹਾਦਰ ਕੌਮ ਹੈ ਤੇ ਇਸ ਦਾ ਅੱਤਵਾਦ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਸਿੱਖ ਹਮੇਸ਼ਾਂ ਅੱਤਵਾਦ ਤੇ ਜਬਰ-ਜੋਰ ਦੇ ਖਿਲਾਫ ਰਹੇ ਹਨ। ਗੇਰ ਨੇ ਬਹੁਤ ਹੀ ਧਿਆਨ ਨਾਲ ਮੁੱਦਿਆਂ ਨੂੰ ਸੁਣਿਆ ਤੇ ਭਰੋਸਾ ਦਿਵਾਇਆ ਕਿ ਇਸ ਮਸਲੇ 'ਤੇ ਉਨ੍ਹਾਂ ਕੋਲੋਂ ਜੋ ਵੀ ਬਣਦਾ ਸਰਦਾ ਹੋਇਆ ਉਹ ਕਰਨਗੇ। ਮੁੱਦਿਆਂ ਨੂੰ ਧਿਆਨ ਨਾਲ ਸੁਣਨ ਲਈ ਸ੍ਰ ਬਾਸੀ ਤੇ ਕੰਡਾ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

## ਪੀ ਸੀ ਐਸ ਸੈਕਰਾਮੈਂਟੋ ਵਲੋਂ ਤੀਆਂ ਦਾ ਮੇਲਾ ਐਸ ਈ ਐਸ ਹਾਲ ਐਲਕਗਰੋਵ ਵਿਖੇ 17 ਅਗੱਸਤ ਦਿਨ ਐਤਵਾਰ ਨੂੰ

ਸੈਕਰਾਮੈਂਟੋ / ਬਿਊਰੋ ਨਿਊਜ਼- ਪੰਜਾਬੀ ਕਲੱਚਰਲ ਸੁਸ-ਾਇਟੀ ਸੈਕਰਾਮੈਂਟੋ ਵਲੋਂ ਇਸ ਵਰ੍ਹੇ ਆਉਣ ਵਾਲਾ 14ਵਾਂ ਤੀਆਂ ਦਾ ਮੇਲਾ 17 ਅਗੱਸਤ ਦਿਨ ਐਤਵਾਰ ਨੂੰ ਐਸ ਈ ਐਸ ਹਾਲ ਐਲਕਗਰੋਵ ਵਿਚ ਮਨਾਇਆ ਜਾ ਰਿਹਾ ਹੈ। ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਬੰਧੀ ਮੀਟਿੰਗ ਇਸ ਵਾਰ ਸ: ਰਛਪਾਲ ਸਿੰਘ ਫਰਵਾਲਾ ਦੇ ਗ੍ਰਿਹਿ ਵਿਖੇ ਹੋਈ। ਇਸ ਵਿਚ ਸਮੂਹ ਪ੍ਰਬੰਧਕੀ ਬੀਬੀਆ ਨੇ ਭਾਗ ਲਿਆ । ਪਿਛਲੇ 25 ਵਰਿਆਂ ਤੋ ਚਲੀ ਆ ਰਹੀ ਇਹ ਸੰਸਥਾ ਪੰਜਾਬੀ ਸਭਿਆਚਾਰ ਨੂੰ ਇਸ ਦੇਸ਼ ਵਿਚ ਪ੍ਰਫੁਲਤ ਕਰਨ ਲਈ ਲਗਾਤਾਰ ਆਪਣਾ ਹਾਂ ਪਖੀ ਯੋਗਦਾਨ ਪਾ ਰਹੀ ਹੈ। ਦੋਹਾਂ ਮੇਲਿਆਂ ਵਿਚ ਇਸ ਦਾ ਮੁਖ ਨਿਸ਼ਾਨਾ ਇਹੋ ਰਿਹਾ ਹੈ ਕਿ ਭਵਿਖ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਵੇਂ ਇਕ ਮੌਲਿਕ ਪੰਜਾਬੀ ਸਭਿਆਚਾਰ ਪੱਨਪਣ ਲਈ ਦਿਤਾ ਜਾਵੇ। ਤੀਆਂ ਦਾ ਇਹ ਤਿਉਹਾਰ ਕੁੜੀਆਂ ਚਿੜੀਆਂ ਦਾ ਤਿਉਹਾਰ ਹੈ। ਜੋ ਉਹਨਾਂ ਦੇ ਮਨ ਦੀਆਂ ਅਨੇਕਾਂ ਸੱਧਰਾਂ ਨਾਲ ਲਦਿਆ ਪਿਆ ਹੈ। ਸਮੇਂ ਨੇ ਭਾਵੇਂ ਬਾਹਰੋਂ ਬਹੁਤ ਕੁਝ ਬਦਲ ਦਿਤਾ ਹੈ ਪਰ ਇਸ ਅੰਦਰਲੀ ਰੂਹ ਹਾਲੇ ਵੀ ਉਸੇ ਤਰ੍ਹਾਂ ਤਰੋਤਾਜ਼ਾ ਹੈ। ਮੀਟਿੰਗ ਵਿਚ ਆਈਆਂ ਬੀਬੀਆਂ ਦੇ ਚਿਹਰੇ ਤੋਂ ਇਸ ਦੇ ਹੁਲਾਸ ਦੇ ਰੰਗ ਹਾਲੇ ਵੀ ਪੜ੍ਹੇ ਜਾ ਸਕਦੇ ਸਨ।

ਪ੍ਰਬੰਧਕੀ ਬੀਬੀਆਂ ਨੇ ਦਸਿਆ ਕਿ ਇਸ ਵਾਰ ਵੀ ਪੰਜਾਬੀ ਦਿਖ ਨੂੰ ਪੂਰੀ ਤਰ੍ਹਾਂ ਕਇਮ ਰਖਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਮੇਲੇ ਦਾ ਅਰੰਭ ਮੁਟਿਆਰਾਂ ਵਲੋਂ ਖੁਸ਼ੀ ਦੇ ਗੀਤ ਗਾਏ ਜਾਣ ਨਾਲ ਹੋਵੇਗਾ। ਇਸ ਤੋਂ ਬਾਅਦ ਸਟੇਟ ਆਈਟਮਾਂ ,ਲਾਈਵ ਬੋਲੀਆਂ ਅਤੇ ਡੀ ਜੇ ਡਾਂਸ ਹੋਵੇਗਾ । ਤੀਆਂ ਦੇ ਮੇਲੇ ਨਾਲ ਜੁੜੇ ਮਨ ਭਾਉਂਦੇ ਕਪੜੇ ਅਤੇ ਗਹਿਣਿਆਂ ਦੇ ਪੰਡਾਲ ਲਾਏ ਜਾਣਗੇ। ਖਾਣ ਪੀਣ ਦਾ ਵੀ ਵਧੀਆ ਪ੍ਰਬੰਧ ਹੋਵੇਗਾ। ਸਮੂਹ ਬੀਬੀਆਂ ਭੈਣਾਂ ਲਈ ਐਂਟਰੀ ਮੁਫਤ ਹੋਵੇਗੀ। ਇਸ ਮੀਟਿੰਗ ਵਿਚ ਸ਼ਾਮਲ ਹੋਣ ਵਾਲੀਆਂ ਬੀਬੀਆਂ ਵਿਚ :-ਪ੍ਰਦੀਪ ਪੂਨੀ, ਰਾਜਵਿੰਦਰ ਪੂਨੀ, ਰੂਪਿੰਦਰ ਕੌਰ, ਮਨਜੀਤ ਕੌਰ, ਮਨਦੀਪ ਕੌਰ, ਰਾਜਵਿੰਦਰ ਕੌਰ, ਸਿਮਰਜੀਤ ਧਾਲੀਵਾਲ, ਰਾਣੀ ਸਰਹਦੀ, ਅਮਨਦੀਪ ਕੈਲੇ, ਭਵਨਦੀਪ ਗਿਲ, ਬਲਵਿੰਦਰ ਕੌਰ, ਅਮਨਪ੍ਰੀਤ ਸੰਧੂ, ਬਲਦੇਵ ਕੌਰ, ਦਲਜੀਤ ਗਿਲ, ਬਲਵੀਰ ਕੌਰ ਪੂਨੀ, ਲਵਦੀਪ ਪਾਬਲਾ, ਇੰਦਰਜੀਤ ਚੀਮਾ, ਰਮਨ ਕੌਰ, ਰਛਪਾਲ ਕੌਰ, ਦਵਿੰਦਰ ਕੌਰ, ਮਨਜੀਤ ਗਰੇਵਾਲ, ਹਰਿਦਰ ਕੌਰ, ਪਰਮਜੀਤ ਕੌਰ, ਕਮਲਪ੍ਰੀਤ ਕੌਰ, ਇੰਦਰਪਾਲ ਕੌਰ, ਕੁਲ-ਵੰਤ ਕੌਰ, ਇੰਦਰਜੀਤ ਕਾਹਲੋਂ ਅਤੇ ਗੁਰਬਖਸ਼ ਕੌਰ ਮੁੱਖ ਤੌਰ ਤੇ ਸ਼ਾਮਲ ਸਨ।

ਇਸ ਵਾਰ ਵੀ ਇਹ ਮੇਲਾ ਪਹਿਲੇ ਵਾਲੇ ਸਥਾਨ ਐਸ-ਈ-ਐਸ ਹਾਲ,10427 ਈਸਟ ਸਟਾਕਟਨ ਬੁਲੇਵਾਰਡ ਐਲਕਗਰੋਵ, ਸੀ ਏ 95624 ਤੇ 17 ਅਗਸਤ ( ਦਿਨ ਐਤਵਾਰ ) ਨੂੰ ਦਿਨੇ ਇਕ ਵਜੇ ਸ਼ੁਰੂ ਹੋਵੇਗਾ। ਮੇਲੇ ਸਬੰਧੀ ਹੋਰ ਜਾਣਕਾਰੀ ਲਈ:- ਮਨਦੀਪ ਕੌਰ ਫਰਵਾਲਾ (916-212-1826), ਰਛਪਾਲ ਪਰਹਾਰ (916 - 730-7191) ਅਤੇ ਬਲਦੇਵ ਕੌਰ (916-996-2010) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੀ ਗੁਰੂ ਰਵਿਦਾਸ ਜੀ ਕ੍ਰਾਂਤੀਕਾਰੀ ਸਨ ਜਾਂ ਕਰਾਮਾਤੀ?



ਮੇਜਰ ਸਿੰਘ 'ਬੁਢਲਾਡਾ'
94176 42327

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਅੱਜ ਗੁਰੂ ਰਵਿਦਾਸ ਭਾਈਚਾਰੇ ਦੇ ਲੋਕ ਕਾਫੀ ਪੜ੍ਹ-ਲਿਖ ਗਏ ਹਨ।ਪਰ ਫਿਰ ਵੀ ਦੇਖਣ ਵਿਚ ਆਇਆ ਹੈ ਕਿ ਪੜ੍ਹੇ-ਲਿਖੇ ਲੋਕ ਵੀ ਆਪਣੇ ਰਹਿਬਰ ਗੁਰੁ ਰਵਿਦਾਸ ਜੀ ਵਾਰੇ ਸਹੀ ਜਾਣੀਕਾਰੀ ਬਹੁਤ ਘੱਟ ਰੱਖਦੇ ਹਨ।ਕਿਉਂ ਕਿ (ਕੁਝ ਕੁ ਲੋਕਾਂ ਨੂੰ ਛੱਡਕੇ) ਇਹਨਾਂ ਲੋਕਾਂ ਨੇ ਆਪਣੇ ਅਤੇ ਆਪਣੇ ਪਰਿਵਾਰ ਲਈ ਤਾਂ ਬੜਾ ਕੁਝ ਕੀਤਾ,ਲੇਕਿਨ ਆਪਣੇ ਰਹਿਬਰਾਂ ਅਤੇ ਸਮਾਜ ਲਈ ਜੋ ਕਰਨਾ ਬਣਦਾ ਸੀ ਉਹ ਨਾ ਕੀਤਾ ।ਇਸ ਲਈ ਜਦੋਂ ਇਹਨਾਂ ਨੇ ਆਪਣੇ ਰਹਿਬਰਾਂ ਵਾਰੇ ਸਹੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ,ਤਾਂ ਫਿਰ ਆਪਣੇ ਸਮਾਜ ਨੂੰ ਸਹੀ ਜਾਣਕਾਰੀ ਦੇਣ ਵੀ ਕਿਥੋਂ।ਇਸੇ ਕਰਕੇ ਸਾਡੇ ਸਮਾਜ ਦੇ ਇਹਨਾਂ ਪੜ੍ਹੇ-ਲਿਖੇ ਲੋਕਾਂ ਨੂੰ ਜਿਵੇਂ ਵੀ ਸੱਚ-ਝੂਠ ਪੜਾਇਆ-ਸੁਣਾਇਆ ਜਾਂਦਾ ਰਿਹਾ, ਇਹ ਉਸੇ ਨੂੰ ਉਵੇਂ ਹੀ ਸੱਤ-ਬਚਨ ਕਹਿਕੇ ਮੰਨੀ ਗਏ ਅਤੇ ਮੰਨੀ ਜਾ ਰਹੇ ਹਨ। ਇਸੇ ਕਰਕੇ ਅਸੀਂ ਗੁਰੁ ਜੀ ਨੂੰ ਮਹਾਨ 'ਕ੍ਰਾਂਤੀਕਾਰੀ' ਵੀ ਮੰਨੀ ਜਾ ਰਹੇ ਹਾਂ ਅਤੇ 'ਕਰਾਮਾਤੀ' ਵੀ।ਨੋਟ ਕਰਨ ਵਾਲੀ ਗੱਲ ਹੈ ਕਿ 'ਕ੍ਰਾਂਤੀਕਾਰੀ ਲੋਕ ਕਦੇ ਕਰਾਮਾਤਾਂ ਵਿਚ ਯਕੀਨ ਨਹੀਂ ਰੱਖਦੇ ਅਤੇ ਕਰਾਮਾਤਾਂ ਵਿਚ ਯਕੀਨ ਰੱਖਣ ਵਾਲੇ ਕਦੇ ਕ੍ਰਾਂਤੀਕਾਰੀ ਨਹੀਂ ਬਣ ਸਕਦੇ'।ਕਿਉਂ ਕਿ ਕ੍ਰਾਂਤੀਕਾਰੀ ਦਾ ਰਸਤਾ ਸੱਚਾ ਅਤੇ ਔਖਾ ਹੁੰਦਾ ਹੈ ਅਤੇ ਕਰਾਮਾਤੀ ਬ੍ਰਾਹਮਣਵਾਦੀ ਝੂਠਾ ਰਸਤਾ ਹੈ,ਜਿਸ ਵਿਚ ਲੋਕਾਂ ਨੂੰ ਮੂਰਖ ਬਣਾਕੇ ਲੁੱਟਣ ਦਾ ਕੰਮ ਹੁੰਦਾ ਹੈ, ਇਹਨਾਂ (ਕ੍ਰਾਂਤੀਕਾਰੀ ਅਤੇ ਕਰਾਮਾਤ) ਦਾ ਆਪਸ ਵਿਚ ਕੋਈ ਮੇਲ ਨਹੀਂ, ਕਿਉਂ ਕਿ 'ਕਰਮਾਤ' ਇਕ ਧੋਖਾ ਹੈ ,ਸਾਡਾ ਗੁਰੂ ਐਸਾ ਨਹੀਂ ਹੋ ਸਕਦਾ। 'ਕਰਾਮਾਤੀ' ਸ਼ਬਦ ਸਾਡੇ ਹੱਡੀ ਰਚਨ ਕਰਕੇ ਵੇਖਣ-ਸੁਣਨ ਵਿਚ ਭਾਵੇਂ ਖਤਰਨਾਕ ਨਹੀਂ ਜਾਪਦਾ, ਪਰ ਹੈ ਇਹ ਬਹੁਤ ਖਤਰਨਾਕ। ਕਰਾਮਾਤੀ ਕੌਣ 'ਤੇ ਕਿਵੇਂ ਹੁੰਦਾ ਹੈ? ਬਹੁਤੇ ਲੋਕਾਂ ਨੇ ਫਿਲਮਾਂ ਅਤੇ ਟੀ.ਵੀ. ਪ੍ਰੋਗਰਾਮਾ ਰਾਹੀਂ ਵੇਖਿਆ ਹੋਵੇਗਾ ਅਤੇ ਪੜ੍ਹ-ਸੁਣਕੇ ਜਾਣਿਆ ਵੀ ਹੈ,ਕਿ ਇਸ ਦੇਸ਼ ਵਿਚ ਸਭ ਤੋਂ ਵੱਡੇ ਕਰਾਮਾਤ, ਚਮਤਕਾਰ, ਦੇ ਮਾਲਕ ਬ੍ਰਹਮਾ, ਵਿਸਨੂੰ, ਸ਼ਿਵ, ਅਤੇ ਹੋਰ ਕਰੌੜਾ ਵਿਚ ਦੇਵੀ-ਦੇਵਤੇ ਹਨ।ਜਿਹਨਾਂ ਦੀ ਪਹਿਲਾਂ ਲੰਮਾ ਸਮਾਂ ਪੂਜਾ-ਬੰਦਗੀ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਇਹ ਦੇਵੀ-ਦੇਵਤੇ ਪ੍ਰਸੰਨ ਹੁੰਦੇ ਹਨ,ਫਿਰ ਉਹ ਖੁਸ਼ ਹੋ ਕੇ ਆਪਣੀਆਂ ਕੁਝ ਸ਼ਕਤੀਆਂ ਦੇਕੇ ਆਪਣੇ ਇਹਨਾਂ ਭਗਤਾਂ ਨੂੰ ਕਰਾਮਾਤੀ ਬਣਾਉਂਦੇ ਹਨ।ਫਿਰ ਇਹ ਜਿਹਨੂੰ ਮਰਜੀ ਸਰਾਪ ਦੇਣ, ਜਿਹਤੇ ਮਰਜੀ ਕਿਰਪਾ ਕਰੀ ਜਾਣ। ਕਹਿਣ ਦਾ ਭਾਵ, ਕੋਈ ਵੀ ਵੱਡਾ-ਛੋਟਾ ਕਰਾਮਾਤੀ ਹੈ, ਤਾਂ ਉਹ ਇਹਨਾਂ ਦੇਵੀ-ਦੇਵਤਿਆਂ ਦੀ ਮੇਹਰ ਕਰਕੇ ਹੈ, ਵਰਨਾ ਉਹ ਕੁਝ ਵੀ ਨਹੀਂ।ਕੀ ਸਾਡੇ ਗੁਰੁ ਸਹਿਬ ਨੇ ਐਸਾ ਕਰਮ ਕੀਤਾ ਹੋਵੇਗਾ? ਅਗਰ ਕਰਾਮਾਤਾਂ ਨਾਲ ਭਰਭੂਰ ਇਹਨਾਂ 33 ਕਰੌੜ ਦੇਵੀ-ਦੇਵਤਿਆਂ ਦਾ ਦੂਜਾ ਪੱਖ ਵੇਖੀਏ ਤਾਂ ਇਹ ਕਦੇ ਵੀ ਆਪਣੇ ਸੇਵਕ (ਹਿੰਦੂਆਂ) ਦੇ ਕਦੇ ਵੀ ਮਸੀਬਤ ਵਿਚ ਕੰਮ ਨਹੀਂ ਆਏ; ਮੂਗਲ ਰਾਜਿਆਂ ਨੇ 33 ਕਰੌੜ ਦੇਵੀ-ਦੇਵਤਿਆਂ ਮੁਕਾਬਲੇ ਬੜੀਆਂ ਥੋੜੀਆਂ ਫੌਜਾਂ ਨਾਲ ਹਿੰਦੂਆਂ ਤੇ ਬੜੇ ਹਮਲੇ ਕੀਤੇ, ਇਹਨਾਂ ਦੀਆਂ ਬਹੁ-ਬੇਟੀਆਂ ਦੀ ਇਜ਼ਤ ਸ਼ਰੇ-ਆਮ ਰੋਲੀ, ਪਸ਼ੂਆਂ ਦੇ ਵਾਂਗ ਸੋਹਣੀਆਂ ਸੁਨੱਖੀਆਂ ਕੁੜੀਆ ਨੂੰ ਲਿਜਾਂਦੇ ਰਹੇ ਅਤੇ ਬੋਲੀਆਂ ਲਾਉਂਦੇ ਰਹੇ, ਇਹਨਾਂ ਦੇ ਆਪਣੇ ਮੰਦਰਾਂ ਨੂੰ ਲੁੱਟਦੇ ਰਹੇ, ਪਰ ਕਿਸੇ ਦੇਵੀ-ਦੇਵਤੇ ਨੇ ਆਪਣੀ ਕੋਈ ਕਦੇ ਸ਼ਕਤੀ ਨਾ ਦਿਖਾਈ ਅਤੇ ਇਹਨਾਂ ਤੋਂ ਸਕਤੀਆਂ ਪ੍ਰਾਪਤ ਕਰਨ ਵਾਲੇ ਅਨੇਕਾਂ ਹੀ ਪਖੰਡੀਆਂ ਨੇ ਵੀ ਕੋਈ ਕਰਾਮਾਤ ਨਾ ਦਿਖਾਈ,ਜਿਸ ਕਰਕੇ ਗੁਰੁ ਨਾਨਕ ਸਹਿਬ ਨੇ ਕਿਹਾ ਉ ਥਾਨ ਮੁਕਾਮ ਜਲੇ ਬਿਜ (ਪੱਕੇ) ਮੰਦਰ, ਮੁਛਿ ਮੁਛਿ (ਟੋਟੇ-ਟੋਟੇ ਕਰਕੇ) ਕੁਇਰ (ਰਾਜ ਕੁਮਾਰ) ਰੁਲਾਇਆ॥ ਕੋਈ ਮੂਗਲ ਹੋਆ ਨਾ ਅੰਧਾ ਕਿਨੈ ਨਾ ਪਰਚਾ ਲਾਇਆ (ਕਰਾਮਾਤ ਨਾ ਦਿਖਾਈ)॥ (ਗ. ਗ. ਸਹਿਬ ਪੰਨਾ-417) ਜਿਹੜੇ ਰਾਜਿਆਂ ਨੂੰ ਕਹਿੰਦੇ ਸੀ, ਦੁਸ਼ਮਣਾਂ ਦੀਆਂ ਫੌਜਾਂ ਜਦੋਂ ਵੀ ਤੁਹਾਡੇ ਅਤੇ ਸਾਡੇ ਤੇ ਹਮਲਾ ਕਰਨਗੀਆਂ ਤਾਂ ਉਹ ਸਾਡੀਆਂ ਸਕਤੀਆਂ ਨਾਲ ਅੰਨੀਆਂ ਹੋ ਜਾਣਗੀਆਂ, ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਣ ਦੇਵਾਂਗੇ। ਪਰ ਇਹ ਹਮਲੇ ਦੇ ਮੌਕੇ ਤੇ ਕੋਈ ਕਰਾਮਾਤ ਨਾ ਦਿਖਾ ਸਕੇ ਅਤੇ ਕਰਾਮਾਤੀ ਸਾਰੇ ਦੇ ਸਾਰੇ ਝੂਠੇ ਨਿਕਲ ਆਏ। ਪਰ ਅਸੀਂ ਬਿਨਾਂ ਸੋਚੇ ਵਿਚਾਰੇ ਧੱਕੇ ਨਾਲ ਹੀ ਆਪਣੇ ਰਹਿਬਰ ਨੂੰ 'ਕਰਾਮਾਤੀ' ਸਿੱਧ ਕਰਨ ਵੱਲ ਜੋਰ ਲਾ ਰੱਖਿਆ ਹੈ ਅਤੇ ਬ੍ਰਾਹਮਣਵਾਦ ਦੀ ਸਾਜ਼ਿਸ਼ ਨੂੰ ਕਦੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਿਸ ਕਰਕੇ ਗੁਰੁ ਰਵਿਦਾਸ ਭਾਈਚਾਰੇ ਦੇ ਬਹੁਤ ਸਾਰੇ ਲੋਕ ਆਪਣੇ ਰਹਿਬਰ ਦੀ ਸੋਚ ਦੇ ਉਲਟ ਮੂਰਤੀ-ਪੂਜਾ, ਮੰਦਰਾਂ 'ਚ ਟੱਲ ਖੜਕਾਉਣੇ, ਥਾਲੀ ਵਿਚ ਦੀਵੇ ਘੁਮਾਉਣੇ, ਸੰਗਤ ਦੀ ਥਾਂ ਜਗਰਾਤੇ ਆਦਿ ਫੋਟਕ ਕਰਮ ਕਰਨ ਲੱਗ ਪਏ ਹਨ।ਜਿਸ ਨੂੰ ਵੇਖਕੇ ਬ੍ਰਾਹਮਣਵਾਦ ਬਾਗ਼ੋ-ਬਾਗ਼ ਹੋ ਰਿਹਾ ਹੈ। ਕਿਉਂਕਿ ਜਿਹੜੀ ਸਫ਼ਲਤਾ ਇਹਨੂੰ ਪਹਿਲਾਂ ਨਹੀਂ ਮਿਲੀ, ਉਹ ਵੀਹਵੀਂ-ਇੱਕੀਵੀਂ ਸਦੀ ਦੇ ਵਿਗਿਆਨਕ ਯੁੱਗ ਵਿਚ ਜੋਰਾਂ ਤੇ ਮਿਲ ਰਹੀ ਹੈ।ਜਿੱਥੇ ਬ੍ਰਾਹਮਣਵਾਦ ਨੂੰ ਸੱਭ ਤੋਂ ਵੱਧ ਖੱਤਰਾ ਸੀ। ਕਿਉਂਕਿ ਇਸ ਸਦੀ ਵਿਚ ਜਿਹਨਾਂ ਲੋਕਾਂ ਨੇ ਪੜ੍ਹ-ਲਿਖਕੇ ਬ੍ਰਾਹਮਣਵਾਦ ਦਾ ਖਾਤਮਾ ਕਰਕੇ ਭੋਗ ਪਾਉਣਾ ਸੀ, ਉਹ ਅੱਜ ਵੱਡੀ ਤਦਾਦ ਵਿਚ ਬ੍ਰਾਹਮਣਵਾਦ ਦੇ ਵਿਛਾਏ ਜਾਲ ਵਿਚ ਫਸੇ ਨਜ਼ਰ ਆ ਰਹੇ ਹਨ ਅਤੇ ਇਹ ਆਪ ਹੀ ਆਪਣਿਆਂ ਨੂੰ ਇਸ ਜਾਲ ਵਿਚ ਫਸਾਉਣ ਵਿਚ ਲੱਗੇ ਹੋਏ ਹਨ।ਇਹ ਲੋਕ ਦੋ ਤਰਾਂ ਦੇ ਹਨ ਇਕ ਤਾਂ ਭੋਲੇ-ਭਾਲੇ ਅਤੇ ਦੂਜੇ ਅੰਦਰੋ ਬ੍ਰਾਹਮਣਵਾਦ ਦੇ ਸੇਵਕ ਅਤੇ ਬਾਹਰੋ ਗੁਰੁ ਰਵਿਦਾਸ ਜੀ ਦੇ ਸੇਵਕ ਨਜਰ ਆਉਂਦੇ ਹਨ।



ਸਾਨੂੰ ਗੁਰੂ ਰਵਿਦਾਸ ਜੀ ਦੇ ਅਸਲੀ-ਨਕਲੀ ਸੇਵਕਾਂ ਦੀ ਪਹਿਚਾਣ ਕਰਨੀ ਹੋਵੇਗੀ। ਉਹ ਲੋਕ ਗੁਰੂ ਜੀ ਦੇ ਸੱਚੇ ਪੈਰੋਕਾਰ ਨਹੀਂ ਹੋ ਸਕਦੇ, ਜਿਹੜੇ ਗੁਰੂ ਜੀ ਨੂੰ 'ਕ੍ਰਾਂਤੀਕ-ਾਰੀ' ਬਜਾਇ 'ਕਰਾਮਾਤੀ' ਸਿੱਧ ਕਰਨਾ ਚਾਹੁੰਦੇ ਹਨ।ਇਹ ਲੋਕ ਆਉਣ ਵਾਲੇ ਸਮੇਂ ਵਿਚ ਸਾਡੇ ਸਮਾਜ ਨੂੰ ਐਨੀਆਂ 'ਮੜ੍ਹੀਆਂ' (ਸਮਾਧਾਂ) ਦੇ ਜਾਣਗੇ,ਕਿ ਮੱਥਾ ਟੇਕਦਿਆਂ ਨੂੰ ਬਾਰਾਂ ਵੱਜ ਜਾਇਆ ਕਰਨਗੇ ਹੀ ਨਹੀਂ, ਬਾਰਾਂ ਮਹੀਨੇ ਹੀ ਮੱਥੇ ਟੇਕਦਿਆਂ ਦੇ ਲੰਘ ਜਾਇਆ ਕਰਨਗੇ।

ਸਾਡੇ ਸਮਾਜ ਦੇ ਲੋਕਾਂ ਨੂੰ ਇਸ ਪਾਸੇ ਸੋਚਣ ਦੀ ਲੋੜ ਹੈ,ਤਾਂ ਜੋ ਸਾਡੇ ਲੋਕ ਗੁਰੂ ਜੀ ਦੀ ਸਹੀ ਵਿਚਾਰ-ਧਾਰਾ ਤੋਂ ਜਾਣੂ ਹੋਕੇ ਸਹੀ ਮਾਰਗ ਤੇ ਆ ਸਕਣ।

# ਅਮਰੀਕੀ ਸਿੱਖਾਂ ਵੱਲੋਂ ਕਾਂਗਰਸ ਮੈਂਬਰ ਮਾਈਕ ਹੌਂਡਾ ਦੀ ਸ਼ਲਾਘਾ

ਸੈਕਰਾਮੈਂਟੋ (ਕੈਲੀਫੋਰਨੀਆਂ)- ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਂਗਰਸ ਮੈਂਬਰ ਮਾਈਕ ਹੌਂਡਾ ਦੀ ਉਸ ਤਜਵੀਜ਼ ਦਾ ਸਵਾਗਤ ਕੀਤਾ ਹੈ ਜਿਸ ਵਿੱਚ ਉਨ੍ਹਾਂ ਨੇ ਡਰਾਉਣ-ਧਮਕਾਉਣ ਵਿਰੁੱਧ ਕਾਨੂੰਨ ਲਿਆਉਣ ਦੀ ਪੈਰਵੀ ਕੀਤੀ ਹੈ ਤਾਂ ਕਿ ਘੱਟ ਗਿਣਤੀਆਂ, ਖਾਸ ਕਰ ਅਮਰੀਕੀ ਸਕੂਲਾਂ ਵਿੱਚ ਸਿੱਖ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਦਾ ਸਿਲਸਿਲਾ ਰੋਕਿਆ ਜਾ ਸਕੇ। ਏਜੀਪੀਸੀ ਨੇ ਕਿਹਾ ਹੈ ਕਿ ਅਜਿਹਾ ਕਾਨੂੰਨ ਬਣਾਉਣ 'ਤੇ ਇਸ ਦਾ ਸਵਾਗਤ ਕੀਤਾ ਜਾਵੇਗਾ ਕਿਉਂਕਿ ਇਸ ਨਾਲ ਵਿਦਿਆਰਥੀਆਂ ਦੀ ਰਾਖੀ ਯਕੀਨੀ ਬਣੇਗੀ ਤੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨ ਡਰਾਉਣ-ਧਮਕਾਉਣ ਦਾ ਵਰਤਾਰਾ ਰੁਕ ਸਕੇਗਾ। ਅਜਿਹੇ ਵੱਡੀ ਗਿਣਤੀ ਕੇਸ ਇੱਥੇ ਵਾਪਰਦੇ ਰਹਿੰਦੇ ਹਨ। ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇਕ ਸਾਂਝੇ ਬਿਆਨ ਵਿੱਚ ਦੱਸਿਆ ਕਿ ਕੈਲੀਫੋਰਨੀਆਂ ਤੋਂ ਸ੍ਰੀ ਮਾਈਕ ਹੌਂਡਾ ਮਾਨਵੀ ਹੱਕਾਂ ਦੀ ਆਵਾਜ਼ ਹਨ ਤੇ ਉਹ ਕਾਂਗਰਸ ਵਿੱਚ ਅਮਰੀਕੀ ਸਿੱਖ ਮੰਡਲ ਦੇ ਬਾਨੀ ਮੈਂਬਰ ਤੇ ਕਾਂਗਰਸ ਦੇ ਡਰਾਉਣ-ਧਮਕਾਉਣ ਵਿਰੋਧੀ ਮੰਡਲ ਦੇ ਚੇਅਰਮੈਨ ਹਨ। ਸ੍ਰੀ ਹੌਂਡਾ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਕਿਹਾ ਹੈ ਕਿ ਵੱਖ-ਵੱਖ ਧਰਮਾਂ ਦਾ ਇਕੱਠ ਸੱਦਿਆ ਜਾਵੇ ਤੇ ਇਹ ਪੱਕਾ ਕੀਤਾ ਜਾਵੇ ਕਿ ਨਫ਼ਰਤੀ ਅਪਰਾਧਾਂ ਅਤੇ ਧਾਰਮਿਕ ਅਸਹਿਣਸ਼ੀਲਤਾ ਲਈ ਅਮਰੀਕਾ ਵਿੱਚ ਕੋਈ ਥਾਂ ਨਹੀਂ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਕਮੇਟੀ ਸ੍ਰੀ ਹੌਂਡਾ ਦੀ ਸ਼ਲਾਘਾ ਕਰਦੀ ਹੈ ਕਿ ਅਮਰੀਕੀ ਸਕੂਲਾਂ ਵਿੱਚ ਵਧੀਕੀਆਂ ਤੇ ਡਰਾਉਣ ਧਮਕਾਉਣ ਤੋਂ ਖਾਸ ਕਰ ਸਿੱਖ ਬੱਚਿਆਂ ਨੂੰ ਬਚਾਉਣ ਲਈ 'ਸੇਫ ਸਕੂਲਜ਼ ਇੰਪਰੂਵਮੈਂਟ ਐਕਟ' ਜ਼ਰੂਰ ਪਾਸ ਕੀਤਾ ਜਾਵੇ।

# ਗੁਰੂ ਰਵਿਦਾਸ ਮਿਸ਼ਨ ਹਸਪਤਾਲ ਫਗਵਾੜਾ 'ਚ ਅਪ੍ਰੇਸ਼ਨ ਕੈਂਪ ਆਯੋਜਤ





ਫਗਵਾੜਾ ਦੇ ਪਲਾਹੀ ਰੋਡ ਵਿਖੇ ਸਥਿਤ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਵਿਖੇ ਫਰੀ ਚੈੱਕ ਅੱਪ ਅਤੇ ਅਪ੍ਰੇਸ਼ਨ ਕੈਂਪ ਲਗਾਇਆ ਗਿਆ।

ਪੂਰਾ ਜੂਨ ਮਹੀਨਾ ਚੱਲੇ ਇਸ ਅਪ੍ਰੇਸ਼ਨ ਕੈਂਪ ਵਿਚ ਸੈਂਕੜੇ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ। ਦਵਾਈਆਂ ਨਾਲ ਠੀਕ ਹੋਣ ਵਾਲੇ ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਜੂਨ ਮਹੀਨੇ ਦੇ ਤੀਹ ਦਿਨਾਂ ਵਿਚ 110 ਮਰੀਜ਼ਾਂ ਦੇ ਮੁਫ਼ਤ ਅਪ੍ਰੇਸ਼ਨ ਕੀਤੇ ਗਏ। ਇਸ ਮਹੀਨੇ ਦੌਰਾਨ ਹਰ ਸ਼ੁਕਰਵਾਰ ਬਵਾਸੀਰ, ਭਗੰਦਰ ਦੇ ਮਰੀਜ਼ਾਂ ਦਾ ਚੈਕਅਪ, ਹਰ ਸ਼ਨੀਵਾਰ ਪੱਥਰੀਆਂ ਦਾ ਚੈਕਅਪ, ਹਰ ਐਤਵਾਰ ਹਰਨੀਆਂ ਅਤੇ ਪੇਟ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੀਤਾ ਜਾਂਦਾ ਰਿਹਾ। 28 ਜੂਨ ਦਿਨ ਸ਼ਨੀਵਾਰ ਨੂੰ ਗੰਜੇਪਣ ਦਾ ਚੈਕਅਪ ਅਤੇ ਇਲਾਜ ਦਿੱਲੀ ਤੋਂ ਆਏ ਡਾਕਟਰਾਂ ਦੀ ਟੀਮ ਵਲੋਂ ਕੀਤਾ ਗਿਆ।

ਅਪ੍ਰੇਸ਼ਨ ਕੈਂਪ ਦਾ ਆਯੋਜਨ ਚਾਨਣ ਰਾਮ ਚਾਹਲ ਦੇ ਬੈਡਫੋਰਡ ਯੂ.ਕੇ. ਵਿਚ ਵਸਦੇ ਦੋਸਤਾਂ ਅਤੇ ਸਹਿਯੋਗੀਆਂ ਵਲੋਂ ਕੀਤੀ ਗਈ ਆਰਥਿਕ ਮੱਦਦ ਨਾਲ ਕੀਤਾ ਗਿਆ। ਗੁਰੂ ਰਵਿਦਾਸ ਮਿਸ਼ਨ ਹਸਪਤਾਲ ਦੇ ਟਰੱਸਟ ਦੇ ਪ੍ਰਧਾਨ ਸਵਰਨਾ ਰਾਮ ਡੁਮੇਲੀ ਅਤੇ ਸਕੱਤਰ ਸੋਹਣ ਸਹਿਜਲ ਅਤੇ ਹੋਰ ਅਹੁਦੇਦਾਰ ਡਾਕਟਰਾਂ ਦੀ ਟੀਮ ਅਤੇ ਦੇਸ਼ ਵਿਦੇਸ਼ 'ਚ ਵਸਦੇ ਸਹਿਯੋਗੀਆਂ ਦੀ ਵਿਸ਼ੇਸ਼ ਮੱਦਦ ਨਾ਼ਲ ਸਿਹਤ ਸਹੂਲਤਾਂ ਵਾਸਤੇ ਮੁਫ਼ਤ ਇਲਾਜ ਦੇ ਸ਼ਲਾਘਾਯੋਗ ਉਪਰਾਲੇ ਕੀਤੇ ਸਮੇਂ ਸਮੇਂ ਕੀਤੇ ਜਾਂਦੇ ਰਹਿੰਦੇ ਹਨ। *-ਰੇਸ਼ਮ ਕਰਨਾਣਵੀ*

ਸਪੈਸ਼ਲ ਅਮਰ ਤਿੱਲਾ
ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ
(ਸਫੈਦ ਪਾਣੀ ਲਕੋਰੀਆ)

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।

ਆਯੁਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ
ਅਮਰ ਕੋਰਸ®
ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ
ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।

ਵੈਦ ਅਮਰਜੀਤ ਅਮਰ
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।
ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ। ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com
ਤੁਰੰਤ ਪੁੱਛਣ ਲਈ
98140-29888
98763-39888

## ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਅਤੇ ਜੂਨ 1984 ਦੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ

# 8ਵਾਂ ਸਲਾਨਾ ਨਗਰ ਕੀਰਤਨ ਖਾਲਸਾਈ ਸ਼ਾਨੋ ਸ਼ੌਕਤ ਨਾਲ ਨੇਪਰੇ ਚੜ੍ਹਿਆ

ਵੈਨਕੂਵਰ (ਜੈਤੇਗ ਸਿੰਘ ਅਨੰਤ):ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਅਤੇ ਜੂਨ 1984 ਦੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ 8ਵਾਂ ਸਲਾਨਾ ਨਗਰ ਕੀਰਤਨ ਗੁ. ਸੁਖ ਸਾਗਰ ਵੱਲੋਂ ਬੜੀ ਧੂਮਧਾਮ ਤੇ ਖਾਲਸਾਈ ਸ਼ਾਨੋ ਸ਼ੌਕਤ ਨਾਲ ਬੀਤੇ ਐਤਵਾਰ 29 ਜੂਨ ਨੂੰ ਸਜਾਇਆ ਗਿਆ। ਜਿਸ ਵਿਚ ਪੂਰੇ ਲੋਅਰ ਮੇਨਲੈਂਡ ਦੀਆਂ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ 5 ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕੱਢਿਆ ਗਿਆ।ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ। ਸੰਗਤਾਂ ਵਾਹਿਗੁਰੂ ਦਾ ਜਾਪ ਜਪਦੀਆਂ ਗੁਰੂ ਘਰ ਵਿਚੋਂ ਸਵਾ ਦਸ ਵਜੇ ਚਾਲੇ ਪਾਏ ਅਤੇ ਸ਼ਬਦ ਕੀਰਤਨ ਦਾ ਪ੍ਰਵਾਹ ਕਰਦਾ 11.30 ਵਜੇ ਕਿਊਨਜਬਰੋ ਪਾਰਕ (ਮਿਡਲ ਸਕੂਲ ਗਰਾਊਂਡ) ਵਿਚ ਪੁੱਜ ਗਿਆ।ਜਿੱਥੇਸ਼ਾਮ ਤੱਕ ਖੁੱਲ੍ਹਾ ਦੀਵਾਨ ਸਜਾਇਆ ਗਿਆ।ਇਸ ਸਮੇਂ ਪੰਥ ਦੀਆਂ ਸਤਿਕਾਰਤ ਹਸਤੀਆਂ, ਵਿਦਵਾਨਾਂ, ਪੰਥ ਦਰਦੀਆਂ, ਢਾਡੀ ਰਾਗੀ, ਕਥਾ ਵਾਚਕ ਦੇ ਕੀਰਤਨ ਵਾਰਾਂ ਤੇ ਪ੍ਰਵਚਨ ਨਿਰੰਤਰ ਪ੍ਰਵਾਹ ਚੱਲਿਆ।।ਨਾਮਵਰ ਕੀਰਤਨੀਏ, ਭਾਈ ਗਗਨਦੀਪ ਸਿੰਘ ਗੰਗਾਨਗਰ, ਬੀਬੀ ਬਲਜੀਤ ਕੌਰ ਤਲਵਾੜੇ ਵਾਲੇ, ਭਾਈ ਬਲਦੇਵ ਸਿੰਘ ਬਡਾਲਾ, ਭਾਈ ਹਰਬਲਜੀਤ ਸਿੰਘ ਬਟਾਲੇ ਵਾਲੇ ਨੇ ਗੁਰੂ ਜਸ ਗਾਇਕ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਪੂਰਾ ਪੰਡਾਲ ਸੰਗਤਾਂ ਨਾਲ ਭਰਿਆ ਹੋਇਆ ਸੀ।ਬਾਹਰ ਪਾਰਕ ਵਿਚ ਸੰਗਤਾਂ ਦੇ ਖਾਣ ਪੀਣ ਦੇ ਸਟਾਲਾਂ ਵਿਚ






ਬੜੀ ਸ਼ਰਧਾ ਨਾਲ ਸੇਵਾ ਕਰ ਰਹੀਆਂ ਸਨ। ਖਾਣ ਪੀਣ ਦੇ ਸਟਾਲਾਂ ਵਿਚ ਕਾਫੀ ਗਿਣਤੀ ਇਥੋਂ ਦੀ ਚਿੱਟੀ ਚਮੜੀ ਦੇ ਲੋਕਾਂ ਦੀ ਵੀ ਜੋ ਕੋਲਡ ਡਰਿੰਕ, ਫੂਡ, ਫਰੂਟ ਅਤੇ ਭਿੰਨ ਭਿੰਨ ਸਟਾਲਾਂ ਤੋਂ ਮਿਲ ਰਹੀਆਂ ਵਸਤਾਂ ਦਾ ਮਜਾ ਵੀ ਲੈ ਰਹੇ ਸਨ ਤੇ ਸਿੱਖ ਸਭਿਆਚਾਰ ਦੀ ਖੁੱਲ੍ਹਦਿਲੀ ਤੇ ਮਹਿਮਾਨ ਨਿਵਾਜੀ ਤੇ ਹੈਰਤ ਵੀ ਸਨ।

ਪਾਰਕ ਵਿਚ ਕਨੇਡੀਅਨ ਸਿੱਖ ਸਟੱਡੀਜ਼ ਤੇ ਸਤਿਨਾਮ ਟਰੱਸਟ ਨੇ ਸਿੱਖ ਇਤਿਹਾਸ, ਵਿਰਾਸਤ ਤੇ ਗੁਰਮਤਿ ਸਹਿਤ ਦੀ ਪੁਸਤਕ ਪ੍ਰਦਰਸ਼ਨੀ ਲਾਈ ਹੋਈ ਸੀ। ਖਾਲਸਾ ਸਕੂਲ ਸਰੀ, ਸਿੱਖ ਅਕਾਡਮੀ, ਬੜੂ ਸਾਹਿਬ, ਸ੍ਰੀ ਗੁਰੂ ਕਾਂਸ਼ੀ ਯੂਨੀਵਰਸਿਟੀ, ਨਿਸ਼ਕਾਮ ਸੇਵਾ, ਸਿੱਖ ਗਰੀਨ ਟੀਮ ਆਪੋ ਆਪਣੇ ਸਟਾਲਾਂ ਤੇ ਆਪਣਾ ਪ੍ਰਚਾਰ ਸੁਨੇਹਾ ਦੇ ਰਹੇ ਸਨ। ਛੋਟੇ ਬੱਚੇ ਆਪਣੇ ਚਿਹਰਿਆਂ ਤੇ ਫੇਸ ਪੇਟਿੰਗ ਤੇ ਵੱਖ ਵੱਖ ਰਾਈਡਾਂ ਦਾ ਆਨੰਦ ਲੈ ਰਹੇ ਸਨ। ਖਾਲਸਾ ਡਰੈੱਸ ਅਤੇ ਗਤਕੇ ਦੇ ਮੁਕਾਬਲੇ ਹੋ ਰਹੇ ਸਨ। ਮੋਟਰ ਸਾਈਕਲ ਕਲੱਬ ਵੱਲੋਂ ਦਸਤਾਰ ਸਿਖਲਾਈ ਦਾ ਕੈਂਪ ਸਭ ਨੂੰ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ।ਆਡਰ ਆਫ ਮਿਲਟਰੀ ਅਵਾਰਡ ਨਾਲ ਸਨਮਾਨਿਤ ਲੈਫ ਕਰਨਲ ਹਰਜੀਤ ਸਿੰਘ ਨੂੰ ਵਧਾਈਆਂ ਦੇਣ ਦਾ ਤਾਂਤਾ ਲੱਗਾ ਹੋਇਆ ਸੀ।

ਦਸ਼ਮੇਸ਼ ਦਰਬਾਰ ਦੇ ਦਵਿੰਦਰ ਸਿੰਘ ਗਰੇਵਾਲ, ਕਨੇਡੀਅਨ ਸਿੰਘ ਸਭਾ ਦੇ ਕੁੰਦਨ ਸਿੰਘ ਸੱਜਣ ਤੇ ਜੋਗਿੰਦਰ ਸਿੰਘ ਸਿੱਧੂ, ਖਾਲਸਾ ਦਰਬਾਰ ਦੇ ਕਰਮ ਸਿੰਘ ਤੇ ਹਰਿੰਦਰ ਸਿੰਘ ਸੋਹੀ, ਸ਼੍ਰੋਮਣੀ ਅਕਾਲੀ ਦਲ ਦੇ ਜਗਜੀਤ ਸਿੰਘ ਤੱਖਰ, ਗੁ. ਦੂਖ ਨਿਵਾਰਨ ਦੇ ਗਿ. ਨਰਿੰਦਰ ਸਿੰਘ ਆਪੋ ਆਪਣੇ ਸਾਥੀਆਂ ਨਾਲ ਖਾਲਸਾਈ ਸ਼ਾਨੋ ਸ਼ੌਕਤ ਨੂੰ ਦੂਣਸਵਾਇਆ ਕਰ ਰਹੇ ਸਨ।ਨਗਰ ਕੀਰਤਨ ਸਮਾਗਮ ਦੇ ਰੂਹੇ ਰਵਾਂ ਹਰਭਜਨ ਸਿੰਘ ਅਟਵਾਲ ਸਚਾਰੂ ਰੂਪ ਵਿਚ ਸੰਚਾਲਨ ਕਰ ਰਹੇ ਸਨ।

ਪੰਜਾਬ ਗਾਰਡੀਅਨ ਦੀ ਟੀਮ ਬਲਬੀਰ ਸਿੰਘ ਕੈਮਰੇ ਰਾਹੀਂ ਸਮਾਗਮ ਨੂੰ ਕੈਦ ਕਰ ਰਹੇ ਸਨ। ਹਰਕੀਰਤ ਸਿੰਘ ਕੁਲਾਰ, ਸੁਨੀਲ ਕੁਮਾਰ,ਦਮਨਜੀਤ ਸਿੰਘ,ਰਮਨਦੀਪ ਸਿੰਘ ਅਤੇ ਰੌਬੀ ਅਤੇ ਹੋਰ ਵਲੰਟੀਅਰਜ਼ ਗਾਰਬੇਜ ਇਕੱਤਰ ਕਰਨ ਦੀ ਸੇਵਾ ਹਿਤ ਸਮਰਪਿਤ ਸਨ।ਹਰ ਪਾਸੇ ਪਿਆਰ, ਮੁਹੱਬਤ ਦੇ ਸਾਂਝੀਵਾਲਤਾ ਦਾ ਦ੍ਰਿਸ਼ ਆਪਣੀ ਅਮਿਟ ਛਾਪ ਛੱਡ ਰਿਹਾ ਸੀ।

# ਕੇਂਦਰੀ ਪੰਜਾਬੀ ਲੇਖਕ ਸਭਾ(ਰਜਿ) ਦੀਆਂ ਚੋਣਾਂ ਵਿਚ ਪ੍ਰਗਤੀਸ਼ੀਲ ਮੋਰਚੇ ਦੀ ਜਿੱਤ ਤੇ ਲੇਖਕਾਂ ਦਾ ਧੰਨਵਾਦ

ਹੁਸ਼ਿਆਰਪੁਰ ਦੀਆਂ ਸਾਹਿਤ ਸਭਾਵਾਂ, ਉਨ੍ਹਾਂ ਸਾਰੇ ਲੇਖਕਾਂ ਦਾ ਧੰਨਵਾਦ ਕਰਦੀਆਂ ਹਨ ਜਿਨ੍ਹਾਂ ਨੇ ਪ੍ਰਗਤੀਸ਼ੀਲ ਮੋਰਚੇ



ਦੇ ਉਮੀਦਵਾਰਾਂ ਨੂੰ ਭਰਪੂਰ ਸਮਰਥੱਨ ਦੇ ਕੇ ਜਿਤਾਇਆ। ਇਨ੍ਹਾਂ ਚੋਣਾਂ ਵਿਚ ਮੋਰਚੇ ਵਲੋਂ ਡਾ. ਕਰਮਜੀਤ ਸਿੰਘ ਨੂੰ ਜਨਰਲ ਸਕੱਤਰ ਦੇ ਅਹੁਦੇ ਲਈ ਭਾਰੀ ਸਮਰਥਨ ਮਿਲਿਆ। ਇਸੇ ਤਰ੍ਹਾਂ ਦੀਪ ਦੇਵਿੰਦਰ ਸਿੰਘ, ਤਰਲੋਚਨ ਝਾਂਡੇ, ਅਤੇ ਜਸਵੀਰ ਝੱਜ ਮੀਤ ਪ੍ਰਧਾਨ ਚੁਣੇ ਗਏ। ਸਕੱਤਰਾਂ ਵਿਚ ਸੁਰਿੰਦਰ ਪ੍ਰੀਤ ਘਣੀਆਂ ਅਤੇ ਕਰਮ ਸਿੰਘ ਵਕੀਲ ਵੀ ਚੁਣੇ ਗਏ। ਚੁਣੇ ਗਏ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਉਹ ਆਪਣੇ ਮੈਨੀਫੈਸਟੋ ਅਨੁਸਾਰ ਸਰਗਰਮ ਹੋ ਗਏ ਹਨ। ਉਨ੍ਹਾਂ ਕਿਹਾ ਕਿ ਲੇਖਕ ਸਭਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਦਰਪੇਸ਼ ਚੁਨੌਤੀਆਂ ਦਾ ਅਕਾਦਮਿਕ, ਜਨਤਕ ਅਤੇ ਜੱਥੇਬੰਦਕ ਤੌਰ ਤੇ ਟਾਕਰਾ ਕਰੇਗੀ। ਭਾਸ਼ਾ ਐਕਟ ਵਿਚਲੀਆਂ ਚੋਰ ਮੋਰੀਆਂ ਨੂੰ ਬੰਦ ਕਰਵਾਉਣ ਲਈ ਪਹਿਲਾਂ ਹੋਏ ਯਤਨਾਂ ਨੂੰ ਅਗਾਂਹ ਵਧਾਇਆ ਜਾਵੇਗਾ ਅਤੇ ਧਰਮ ਨਿਰਪੱਖ, ਜਮਹੂਰੀ ਅਤੇ ਵਿਗਿਆਨਿਕ ਭਾਸ਼ਾ ਨੀਤੀ ਨਿਰਧਾਰਿਤ ਕਰਵਾਉਣ ਲਈ ਇਕ ਪ੍ਰਤਿਬੱਧ ਪਹੁੰਚ ਅਪਣਾਈ ਜਾਵੇਗੀ। ਲੇਖਕਾਂ ਦੀਆ ਸਮੱਸਿਆਵਾਂ ਅਤੇ ਪੰਜਾਬੀ ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਨੂੰ ਨਜਿੱਠਣ ਲਈ ਉਪਰਾਲੇ ਕੀਤੇ ਜਾਣਗੇ। ਹੁਸ਼ਿਆਰਪੁਰ ਦੀਆਂ ਸਾਹਿਤ ਸਭਾਵਾਂ ਨੇ ਜਿਸ ਲਗਨ ਨਾਲ਼ ਚੋਣਾਂ ਦੌਰਾਨ ਏਕਾ ਕਾਇਮ ਕੀਤਾ ਹੈ ਉਸਨੂੰ ਅਗਾਂਹ ਵੀ ਜਾਰੀ ਰੱਖਣ ਦੇ ਯਤਨ ਕੀਤੇ ਜਾਣਗੇ। ਲਾਲ ਸਿੰਘ, ਮਦਨ ਵੀਰਾ, ਸੰਧੂ ਵਰਿਆਣਵੀ, ਅਮਰੀਕ ਹਮਰਾਜ਼, ਅਮਰੀਕ ਡੋਗਰਾ, ਨਵਤੇਜ ਗੜ੍ਹਦੀਵਾਲ਼ਾ, ਪੰਮ ਦਵੇਦੀ, ਸੁਰਿੰਦਰ ਸਿੰਘ ਨੇਕੀ, ਡਾ. ਜਗਤਾਰ ਸਿੰਘ, ਬਲਬੀਰ ਸੰਘਿ ਮੁਕੇਰੀਆਂ, ਗੁਰਮੀਤ ਸਿੰਘ ਸਰਾਂ ਅਤੇ ਡਾ. ਜਸਵੰਤ ਰਾਏ ਨੇ ਜਿੱਤੇ ਉਮੀਦਵਾਰਾਂ ਨੂੰ ਵਧਾਈ ਦਿੱਤੀ।


ਡਾ. ਕਰਮਜੀਤ ਸਿੰਘ

**ਰਿਪੋਰਟ ਤੇ ਤਸਵੀਰਾਂ- ਡਾ. ਜਸਵੰਤ ਰਾਏ**

# ਗੁਰਦੀਸ਼ ਕੌਰ ਗਰੇਵਾਲ ਦੇ ਕਾਵਿ ਸੰਗ੍ਰਹਿ "ਜਿਨੀ ਨਾਮੁ ਧਿਆਇਆ" ਦੀ ਘੁੰਡ ਚੁਕਾਈ







ਸਰੀ: (ਬਿੱਕਰ ਸਿੰਘ ਖੋਸਾ)- ਮਾਂ ਬੋਲੀ ਪੰਜਾਬੀ ਦੀ ਜਾਣੀ ਪਛਾਣੀ ਲੇਖਿਕਾ, ਗੁਰਦੀਸ਼ ਕੌਰ ਗਰੇਵਾਲ ਦੇ ਸਿੱਖ ਇਤਿਹਾਸ ਨੂੰ ਸਮਰਪਿਤ, ਖ਼ੂਬਸੂਰਤ ਧਾਰਮਿਕ ਕਾਵਿ ਸੰਗ੍ਰਹਿ, ''ਜਿਨੀ ਨਾਮੁ ਧਿਆਇਆ'' ਦੀ ਸਰੀ (ਕੈਨੇਡਾ) ਵਿਖੇ, ਸਟੂਡੀਓ 7 ਦੇ ਹਾਲ ਵਿੱਚ, ਧਾਰਮਿਕ ਤੇ ਸਾਹਿਤਕ ਸ਼ਖਸੀਅਤਾਂ ਦੀ ਸ਼ਾਨਦਾਰ ਹਾਜ਼ਰੀ ਵਿੱਚ, ਘੁੰਡ ਚੁਕਾਈ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ- ਸ. ਗਿਆਨ ਸਿੰਘ ਸੰਧੂ ਫਾਊਂਡਰ ਪ੍ਰਧਾਨ ਵਰਲਡ ਸਿੱਖ ਔਰਗੇਨਾਈਜ਼ੇਸ਼ਨ, ਗੁਲਸ਼ਨਰਾਜ ਕੌਰ ਡਾਇਰੈਕਟਰ ਇੰਡੋ ਕਨੇਡੀਅਨ ਸੀਨੀਅਰ ਸੈਂਟਰ, ਕਵਿੱਤਰੀ ਅਤੇ ਬਾਠ ਮੋਟਰਜ਼ ਤੇ ਸਟੂਡੀਓ 7 ਦੇ ਮਾਲਕ ਸੁੱਖੀ ਬਾਠ ਸੁਸ਼ੋਬਤ ਹੋਏ। ਸਟੇਜ ਦੀ ਸੇਵਾ ਨੂੰ, ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ ਨੇ ਬਾਖ਼ੂਬੀ ਸੰਭਾਲਿਆ। ਸਮਾਗਮ ਦੇ ਅਰੰਭ ਵਿੱਚ ਬੀਬੀ ਅੰਮ੍ਰਿਤ ਕੌਰ ਵਲੋਂ ਇਸ ਪੁਸਤਕ ਦੇ ਇੱਕ ਗੀਤ ਨੂੰ ਤਰੰਨਮ ਵਿੱਚ ਪੇਸ਼ ਕੀਤਾ ਗਿਆ। ਪਰਚਿਆਂ ਵਿੱਚ- ਪਹਿਲਾ ਪਰਚਾ ਡਾ. ਸਰਬਜੋਤ ਕੌਰ (ਇੰਡੀਆ) ਦਾ ਲਿਖਿਆ ਹੋਇਆ, ਗੁਲਸ਼ਨਰਾਜ ਕੌਰ ਵਲੋਂ ਪੜ੍ਹਿਆ ਗਿਆ, ਜਿਸ ਵਿੱਚ ਪੁਸਤਕ ਨੂੰ ਇਤਿਹਾਸਕ ਦਸਤਾਵੇਜ਼ ਵਜੋਂ ਮਹੱਤਤਾ ਦਿੰਦੇ ਹੋਏ, ਉੱਤਮ ਕਾਵਿ ਕਲਾ ਦਾ ਸੁੰਦਰ ਨਮੂਨਾ ਕਿਹਾ ਗਿਆ। ਗੁਲਸ਼ਨਰਾਜ ਕੌਰ ਨੇ ਆਪਣੇ ਵਲੋਂ ਇਸ ਪੁਸਤਕ ਨੂੰ-''ਨਿੱਤ ਨੇਮ ਵਾਂਗ ਪੜ੍ਹੀ ਜਾਣ ਵਾਲੀ ਪੁਸਤਕ'' ਕਿਹਾ। ਦੂਜੇ ਪਰਚੇ ਵਿੱਚ- ਨਾਮਵਰ ਲੇਖਕ ਜੀਵਨ ਸਿੰਘ ਰਾਮਪੁਰੀ ਵਲੋਂ, ਪੁਸਤਕ ਦੇ ਤਿੰਨੇ ਭਾਗਾਂ ਨੂੰ ਅੱਡ ਅੱਡ ਬਿਆਨ ਕਰਦਿਆਂ, ਸਿੱਖ ਸੂਰਬੀਰਾਂ ਦੇ ਕਾਵਿ ਚਿਤਰਣ ਦੀ ਵਧੇਰੇ ਪ੍ਰਸ਼ੰਸਾ ਕੀਤੀ ਗਈ। ਉਪਰੰਤ ਸ. ਗਿਆਨ ਸਿੰਘ ਸੰਧੂ ਨੇ ਪ੍ਰਧਾਨਗੀ ਮੰਡਲ ਸਮੇਤ, ਤਾੜੀਆਂ ਦੀ ਗੂੰਜ ਵਿੱਚ ਪੁਸਤਕ ਦੀ ਘੁੰਡ ਚੁਕਾਈ ਕੀਤੀ। ਸੁੱਖੀ ਬਾਠ ਵਲੋਂ, ਕਵਿੱਤਰੀ ਨੂੰ ਸਨਮਾਨ ਚਿੰਨ੍ਹ ਦੇ ਕੇ, ਸਨਮਾਨਿਤ ਕੀਤਾ ਗਿਆ। ਸ. ਗਿਆਨ ਸਿੰਘ ਸੰਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ, ਬੀਬੀ ਗੁਰਦੀਸ਼ ਕੌਰ ਦੇ, ਨਵੀਂ ਪੀੜ੍ਹੀ ਨੂੰ ਕਵਿਤਾ ਰਾਹੀਂ ਸਿੱਖ ਇਤਿਹਾਸ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਹੋਰਨਾਂ ਬੁਲਾਰਿਆਂ ਵਿੱਚ- ਹਰਚੰਦ ਸਿੰਘ ਬਾਗੜੀ, ਹਰਚਰਨ ਸਿੰਘ ਸੰਧੂ, ਸੁਖਵਿੰਦਰ ਕੌਰ ਬੈਂਸ, ਜਗਦੇਵ ਸਿੰਘ ਸੰਧੂ, ਸੁਖਦੇਵ ਸਿੰਘ ਦਰਦੀ, ਜਗਜੀਤ ਸਿੰਘ ਤੱਖਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਔਫ ਕੈਨੇਡਾ, ਤਾਲਿਬ ਸਿੰਘ ਸੰਧੂ ਸਾਬਕਾ ਐਮ. ਐਲ. ਏ., ਅਤੇ ਸੁੱਖੀ ਬਾਠ ਨੇ ਆਪੋ ਆਪਣੇ ਸ਼ਬਦਾਂ ਵਿੱਚ, ਕਵਿੱਤਰੀ ਨੂੰ ਵਧਾਈ ਦਿੱਤੀ। ਉਹਨਾਂ ਇਸ ਪੁਸਤਕ ਨੂੰ ਮਾਂ ਬੋਲੀ ਪੰਜਾਬੀ, ਧਰਮ ਤੇ ਸਾਹਿਤ ਵਿੱਚ ਅਣਮੁੱਲਾ ਵਾਧਾ ਦੱਸਿਆ।

ਸ਼ਾਇਰਾ ਦੇ ਬੇਟੇ ਡਾ. ਸੱਤਪ੍ਰੀਤ ਸਿੰਘ ਗਰੇਵਾਲ ਨੇ ਵੀ ਮਾਂ ਦੇ ਸਤਿਕਾਰ ਦੀ ਗੱਲ ਕਰਦਿਆਂ ਹੋਇਆਂ, ਪੁਸਤਕ ਦੀ ਕਲਾਤਮਕ ਦਿੱਖ ਬਾਰੇ ਆਪਣੇ ਹਾਵ ਭਾਵ ਪ੍ਰਗਟਾਏ। ਅੰਤ ਵਿੱਚ ਗੁਰਦੀਸ਼ ਕੌਰ ਗਰੇਵਾਲ ਨੇ, ਆਪਣੀ ਲੇਖਣੀ ਦੇ ਲੰਬੇ ਸਫ਼ਰ ਦੀ, ਕਵੀ ਦਰਬਾਰਾਂ ਦੀ, ਅਤੇ ਧਾਰਮਿਕ ਸਟੇਜਾਂ ਦੀ ਕਸਵੱਟੀ ਤੇ ਪਾਸ ਹੋ ਕੇ ਆਈ, ਆਪਣੀ ਵਰ੍ਹਿਆਂ ਦੀ ਕਮਾਈ ਇਸ ਪੁਸਤਕ ਵਿੱਚ ਸ਼ਾਮਲ ਕਰਨ ਦੀ ਵਿਥਿਆ ਬਿਆਨ ਕੀਤੀ ਅਤੇ ਪੁਸਤਕ ਵਿੱਚ ਅੱਠ ਪੰਨੇ ਰੰਗਦਾਰ ਲਾਉਣ ਦੀ ਅਹਿ-ਮੀਅਤ ਨੂੰ ਵੀ ਦਰਸਾਇਆ। ਗੁਰਵਿੰਦਰ ਸਿੰਘ ਧਾਲੀਵਾਲ ਨੇ ਵੀ ਇਸ ਵਿਲੱਖਣ ਪੁਸਤਕ ਦੀ ਆਮਦ ਦਾ ਸੁਆਗਤ ਕਰਦੇ ਹੋਏ- ਵੱਡੀ ਗਿਣਤੀ ਵਿੱਚ ਪੁੱਜੇ ਸਰੀ, ਐਬਟਸਫੋਰਡ, ਵੈਨਕੂਵਰ ਦੀਆਂ ਸਮੂਹ ਸਾਹਿਤ ਸਭਾਵਾਂ ਦੇ ਮੈਂਬਰਾਂ, ਮੀਡੀਆ ਕਰਮੀਆਂ, ਪਤਵੰਤੇ ਸੱਜਣਾਂ ਅਤੇ ਪਾਠਕਾਂ ਦਾ ਲੰਬੇ ਸਮੇਂ ਲਈ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ। ਕੇਵਲ ਸਿੰਘ ਨਿਰਦੋਸ਼ ਅਤੇ ਪ੍ਰਿਤਪਾਲ ਸਿੰਘ ਸੰਧੂ ਨੇ, ਆਪਣੀ ਬੁਲੰਦ ਅਵਾਜ਼ ਰਾਹੀਂ, ਇਸ ਪੁਸਤਕ ਦੇ ਗੀਤਾਂ ਦੀ ਸਾਂਝ ਸਰੋਤਿਆਂ ਨਾਲ ਪਾ ਕੇ, ਮਹੌਲ ਨੂੰ ਖ਼ੁਸ਼ਗਵਾਰ ਬਣਾਈ ਰੱਖਿਆ। ਇਸ ਸਮਾਗਮ ਵਿੱਚ- ਜਰਨੈਲ ਸੇਖਾ, ਮੋਹਨ ਗਿੱਲ, ਗਿੱਲ ਮੋਰਾਂਵਾਲੀ, ਗੁਰਦਰਸ਼ਨ ਬਾਦਲ, ਕ੍ਰਿਸ਼ਨ ਭਨੋਟ, ਇੰਦਰਜੀਤ ਧਾਮੀ, ਗੁਰ-ਮੀਤ ਪਲਾਹੀ, ਰਾਜਵੰਤ ਬਾਗੜੀ, ਦਲਜੀਤ ਕਲਿਆਣਪੁਰੀ, ਗਿੱਲ ਮਨਸੂਰ, ਗੁਰਦੇਵ ਸਿੰਘ ਬਾਠ, ਅੰਗਰੇਜ਼ ਸਿੰਘ ਬਰਾੜ, ਹਰਚੰਦ ਸਿੰਘ ਗਿੱਲ, ਤਨਦੀਪ ਤਮੰਨਾ, ਜਸਬੀਰ ਮਾਨ, ਅਨਮੋਲ ਕੌਰ ਤੋਂ ਇਲਾਵਾ ਮੀਡੀਆ ਵਲੋਂ- ਕਲਾਤਮਿਕ ਫਿਲਮਾਂ ਦੇ ਨਿਰਮਾਤਾ ਨਵਲਪ੍ਰੀਤ ਰੰਗੀ, ਜੁਆਏ ਟੀ.ਵੀ 10 ਤੋਂ ਹਰਪ੍ਰੀਤ ਸਿੰਘ, ਓਮਨੀ ਨਿਊਜ਼ ਤੋਂ ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ, ਪੰਜਾਬੀ ਟ੍ਰਿਬਿਊਨ ਵੀਕਲੀ ਦੇ ਸੰਪਾਦਕ ਗੁਰਲਾਲ ਸਿੰਘ ਅਤੇ ਹੋਰ ਲੇਖਕ ਤੇ ਪਾਠਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਜਦ ਕਿ ਰਵਿੰਦਰ ਰਵੀ ਅਤੇ ਤਰਲੋਚਨ ਦੁਪਾਲਪੁਰੀ ਨੇ, ਯੂ. ਐਸ. ਏ. ਤੋਂ ਈਮੇਲ ਰਾਹੀਂ ਸ਼ੁੱਭ ਇਛਾਵਾਂ ਭੇਜੀਆਂ। ਸੋ ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡਦਾ ਹੋਇਆ ਸਮਾਪਤ ਹੋਇਆ।

ਦੇਸ਼ ਦੁਆਬਾ

# ਅੱਛੇ ਨਹੀਂ ਬੁਰੇ ਦਿਨ ਲਿਆ ਰਹੀ ਮੋਦੀ ਸਰਕਾਰ

ਪੁਰਾਤਨ ਇਤਿਹਾਸ ਅਤੇ ਮਹਾਨ ਵਿਅਕਤੀਆਂ ਦੀਆਂ ਲਿਖਤਾਂ ਮੁਤਾਬਕ 'ਬ੍ਰਾਹਮਣੀਕਲ ਸੋਸ਼ਲ ਆਰਡਰ' (B.S.O) ਜ਼ਾਤ, ਮੰਦਰ, ਪੁਜਾਰੀ, ਕਰਾਫਟ ਅਤੇ ਝੂਠੀ ਫਿਲਾਸਫੀ ਦੇ ਸਹਾਰੇ ਭਾਰਤ ਦੇ ਮੂਲ ਨਿਵਾਸੀਆਂ ਉਪਰ ਸਦੀਆਂ ਤੋਂ ਅੱਜ ਤੱਕ ਧਾਂਕ ਜਮਾਈ ਬੈਠਾ ਹੈ ਅਤੇ ਇਹ ਉਦੋਂ ਤੱਕ ਰਹੇਗਾ ਜਦੋਂ ਤੱਕ 'ਬ੍ਰਾਹਮਣੀਕਲ ਸੋਸ਼ਲ ਆਰਡਰ' (B.S.O) ਦਾ ਖਾਤਮਾ ਨਹੀਂ ਹੁੰਦਾ। ਅੱਜ ਦੇ ਸੰਪਾਦਕੀ ਨੋਟ ਵਿਚ ਕੋਸ਼ਿਸ਼ ਕਰਦੇ ਹਾਂ ਕਿ ਭਾਰਤ ਦੀ ਸਭ ਤੋਂ ਹੱਦੋਂ ਵੱਧ ਭਿਆਨਕ ਬਿਮਾਰੀ ਜ਼ਾਤ ਨੂੰ ਲੈ ਕੇ। ਕੋਈ ਵੀ ਅਜਿਹਾ ਖੇਤਰ ਨਹੀਂ ਮਿਲੇਗਾ, ਜਿੱਥੇ ਜ਼ਾਤ ਤੋਂ ਬਿਨਾਂ ਕੋਈ ਕੰਮ ਬਣੇ ਜਾਂ ਜਾਤ ਦੀ ਗੱਲ ਸਿੱਧੇ/ਅਸਿੱਧੇ ਤਰੀਕੇ ਨਾਲ ਨਾ ਚੱਲੇ। ਭਾਰਤ ਅੰਦਰ ਹਰ ਆਏ ਦਿਨ ਅਨੇਕਾਂ ਬਲਾਤਕਾਰ ਹੋਣ ਦੀਆਂ ਖਬਰਾਂ ਮੀਡੀਏ ਰਾਹੀਂ ਪਤਾ ਚਲਦੀਆਂ ਹਨ। ਕੋਈ ਵੀ ਇਸ ਗੱਲ ਨਾਲ ਅਸਹਿਮਤ ਨਹੀਂ ਹੋ ਸਕਦਾ ਕਿ ਜੋ ਵੀ ਅੱਤਿਆਚਾਰ ਹੁੰਦੇ ਹਨ, ਉਸ ਦਾ 100% ਸਮਾਚਾਰ ਅਖਬਾਰਾਂ ਅੰਦਰ ਛਪਦੇ ਹੋਣ। ਬਲਾਤਕਾਰ/ ਅੱਤਿਆਚਾਰਾਂ ਦੇ ਸ਼ਿਕਾਰ ਜ਼ਿਆਦਾਤਰ ਗਰੀਬ/ਲਾਚਾਰ/ ਅਨਪੜ੍ਹ ਲੋਕ ਹੀ ਹੋਇਆ ਕਰਦੇ ਹਨ ਅਤੇ ਇਹ ਲੋਕ ਜਿਸ ਵਰਗ ਨਾਲ ਸਬੰਧ ਰੱਖਦੇ ਹਨ, ਜ਼ਿਆਦਾਤਰ ਦਲਿਤ ਵਰਗ ਨਾਲ ਸਬੰਧਤ ਹੁੰਦੇ ਹਨ।

ਪਿਛਲੇ ਦਿਨੀਂ ਅਸੀਂ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਬੱਚੀਆਂ ਬਾਰੇ ਜਿੱਥੇ ਖਬਰਾਂ ਲਾਈਆਂ, ਉਥੇ ਸੰਪਾਦਕੀ ਨੋਟ ਵੀ ਦਿੱਤੇ ਹਨ। ਅੱਜ ਫਿਰ ਸਾਨੂੰ ਦੁਬਾਰਾ ਬਲਾਤਕਾਰ ਸਬੰਧੀ ਬੜੇ ਦੁਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ ਕਿ ਭਾਰਤ ਵਿਚ ਝਾਰਖੰਡ ਦੇ ਬੋਕਾਰੋ ਦੀ ਪੰਚਾਇਤ ਪ੍ਰਧਾਨ ਨੇ ਇਕ ਫੁਰਮਾਨ ਜਾਰੀ ਕੀਤਾ ਹੈ ਕਿ ਹਰੇਂਦਰ ਨਾਂ ਦੇ ਵਿਅਕਤੀ ਦੀ ਦਸ ਸਾਲਾਂ ਦੀ ਬੇਟੀ ਨਾਲ ਇਕ ਘੰਟਾ ਬਲਾਤਕਾਰ ਕੀਤਾ ਜਾਵੇ। ਫਿਰ ਕੀ ਬੱਚੀ ਨਾਲ ਇਹ ਕੁਕਰਮ ਕੀਤਾ ਗਿਆ ਅਤੇ ਇਸ ਮਾਸੂਮ ਨਾਲ ਅਤੀ ਘਿਨਾਉਣਾ ਵਾਕਿਆ ਅਨੇਕਾਂ ਪੁਰਸ਼ਾਂ, ਔਰਤਾਂ, ਲੜਕੇ, ਲੜਕੀਆਂ ਨੇ ਦੇਖਿਆ। ਦਸ ਸਾਲਾ ਮਾਸੂਮ ਬੱਚੀ ਇਕ ਘੰਟਾ ਖੂਨ ਨਾਲ ਲੱਥਪਥੱ ਤੜਫਦੀ, ਚੀਖਦੀ, ਚਿਲਾਉਂਦੀ ਰਹੀ, ਲੇਕਿਨ ਮਰਦ, ਔਰਤ, ਲੜਕੇ, ਲੜਕੀਆਂ ਚੁੱਪ-ਚਾਪ ਤਮਾਸ਼ਾ ਦੇਖਦੇ ਰਹੇ, ਕਿਸੇ ਦੇ ਜ਼ਿਹਨ ਵਿਚ ਜ਼ਰਾ ਵੀ ਰਹਿਮ ਨਾ ਆਇਆ।

ਅਖੀਰ ਜਦੋਂ ਕਿਸੇ ਦੇ ਮਨ ਅੰਦਰ ਇਸ ਪ੍ਰਤੀ ਰੋਸ ਪ੍ਰਗਟਿਆ ਅਤੇ ਆਵਾਜ਼ ਉੱਠੀ ਤਾਂ ਪੁਲਿਸ ਹਰਕਤ ਵਿਚ ਆਈ। ਇਸ ਉਪਰੰਤ ਪੰਚਾਇਤ ਮੁਖੀਆ, ਜਿਸ ਨੇ ਘਿਨਾਉਣਾ ਕੁਕਰਮ ਕਰਨ ਦਾ ਫੁਰਮਾਨ ਦਿੱਤਾ ਸੀ, ਸਮੇਤ ਬਲਾਤਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੰਚਾਇਤ ਮੁਖੀਆ ਦਾ ਕਹਿਣਾ ਹੈ ਕਿ ਉਸ ਤੋਂ ਗਲਤੀ ਨਾਲ ਇਹ ਫੁਰਮਾਨ ਜਾਰੀ ਹੋਇਆ।

ਹੁਣ ਸਵਾਲ ਇਹ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਜੋ ਚੰਗੇ ਦਿਨ ਲਿਆਉਣ ਦਾ ਢੰਡੋਰਾ ਪਿੱਟਣ ਵਾਲੀ ਇਕ ਵਾਰ ਫਿਰ ਉਸੇ ਤਰ੍ਹਾਂ ਮੌਨ ਧਾਰੀ ਬੈਠੀ ਹੈ, ਜਿਵੇਂ ਬਦਾਊਂ ਕਾਂਡ ਦੌਰਾਨ ਦੋ ਬੱਚੀਆਂ ਨਾਲ ਬਲਾਤਕਾਰ ਕਰਕੇ ਦਰੱਖਤ ਨਾਲ ਫਾਹੇ ਲਾ ਦਿੱਤਾ ਗਿਆ ਸੀ।

ਮੀਡੀਆ ਵੀ ਇਸ ਘਿਨਾਉਣੇ ਕੁਕਰਮ ਪ੍ਰਤੀ ਅੱਗੇ ਨਹੀਂ ਆਇਆ। ਇਹ ਜਾਣਕਾਰੀ ਸਾਨੂੰ ਇਕ ਯੂਨੀਵਰਸਿਟੀ ਦੀ ਲੇਡੀ ਪ੍ਰੋਫੈਸਰ ਤੋਂ ਹਾਸਲ ਹੋਈ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਅੰਦਰ ਔਰਤਾਂ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਨਾਲ ਕਦੋਂ ਤੱਕ ਅਜਿਹੇ ਕੁਕਰਮ ਹੁੰਦੇ ਰਹਿਣਗੇ ਅਤੇ ਭਾਰਤ ਸਰਕਾਰ ਤੇ ਰਾਜ ਸਰਕਾਰਾਂ ਚਲਾਉਣ ਵਾਲੇ ਕੀ ਉਦੋਂ ਜਾਗਣਗੇ, ਜਦੋਂ ਹਾਹਾਕਾਰ ਮੱਚ ਜਾਵੇਗੀ। ਅਸੀਂ ਨਿਮਰਤਾ ਸਹਿਤ ਮੋਦੀ ਸਰਕਾਰ ਨੂੰ ਇਹ ਪੁੱਛਦੇ ਹਾਂ ਕਿ ਕੀ ਇਹੋ ਜਿਹੇ ਅੱਛੇ ਦਿਨ ਲਿਆਉਣ ਜਾ ਰਹੇ ਹਨ? ਮਾਣਯੋਗ ਪ੍ਰਧਾਨ ਮੰਤਰੀ ਦੀ ਹੈਸੀਅਤ ਨਾਲ ਸ੍ਰੀ ਨਰਿੰਦਰ ਮੋਦੀ ਕਦੋਂ ਆਪਣੇ ਹਮਦਰਦੀ ਭਰੇ ਲਫਜ਼ ਬੋਲਣਗੇ?

ਸਾਡੀ ਜਾਣਕਾਰੀ ਮੁਤਾਬਕ ਸ੍ਰੀ ਨਰਿੰਦਰ ਮੋਦੀ ਪਹਿਲੇ ਪ੍ਰਧਾਨ ਮੰਤਰੀ ਨਹੀਂ ਜੋ ਅਜਿਹੇ ਦਰਦਨਾਕ ਕਾਂਡ ਪ੍ਰਤੀ ਚੁੱਪ ਹਨ। ਇਸ ਤੋਂ ਪਹਿਲਾਂ ਦੇ ਪ੍ਰਧਾਨ ਮੰਤਰੀਆਂ ਬਾਰੇ ਜੇਕਰ ਦੇਖੀਏ ਤਾਂ ਉਹਨਾਂ ਦੇ ਰਾਜ ਕਾਲ ਵਿਚ ਮਹਾਂਰਾਸ਼ਟਰ ਦੇ ਖਿਰਲਾਂਜੀ ਕਾਂਡ ਵਿਚ ਇਕ ਦਲਿਤ ਔਰਤ ਤੇ ਉਸ ਦੀ ਧੀ ਨਾਲ 30 ਲੋਕਾਂ ਨੇ ਬਲਾਤਕਾਰ ਕੀਤਾ। ਹਰਿਆਣਾ ਵਿਚ ਖਾਪ ਪੰਚਾਇਤ ਦੇ ਕਾਰਨਾਮਿਆਂ ਤੋਂ ਕੌਣ ਨਹੀਂ ਵਾਕਫ? ਇਹਨਾਂ ਦਰਦਨਾਕ ਕਾਂਡਾਂ ਵਿਰੁੱਧ ਕਿੰਨੇ ਮੁਜ਼ਾਹਰੇ ਕੀਤੇ ਪਰ ਪ੍ਰਸ਼ਾਸਨ ਤੇ ਸ਼ਾਸਕ ਟੱਸ ਤੋਂ ਮੱਸ ਨਹੀਂ ਹੋਏ। ਬਲਾਤਕਾਰੀ ਗੁੰਡੇ ਸ਼ਰੇਆਮ ਘੁੰਮਦੇ ਰਹੇ ਹਨ।

ਜੇਕਰ ਮੋਦੀ ਸਰਕਾਰ ਹਰਕਤ ਵਿਚ ਨਹੀਂ ਆਉਂਦੀ ਤਾਂ ਇਸ ਦਾ ਇਹੀ ਭਾਵ ਲਿਆ ਜਾ ਸਕਦਾ ਹੈ ਕਿ ਮੋਦੀ ਸਰਕਾਰ ਅੱਛੇ ਦਿਨ ਨਹੀਂ ਬੁਰੇ ਦਿਨ ਲਿਆ ਰਹੀ ਹੈ।

**-ਤਰਸੇਮ ਜਲੰਧਰੀ**

# ਖ਼ਤਰਨਾਕ ਮੋੜ 'ਤੇ ਪਹੁੰਚਿਆ ਇਸਰਾਈਲ-ਫਲਸਤੀਨ ਯੁੱਧ

ਜੰਗਬੰਦੀ ਦੀ ਕੌਮਾਂਤਰੀ ਅਪੀਲ ਦੇ ਬਾਵਜੂਦ ਇਸਰਾਈਲ ਅਤੇ ਫਲਸਤੀਨ ਦਰਮਿਆਨ ਤੇਜ਼ ਹੁੰਦੀ ਜਾ ਰਹੀ ਜੰਗ ਵਿਸ਼ਵ ਸ਼ਾਂਤੀ ਲਈ ਖ਼ਤਰਾ ਬਣਦੀ ਜਾ ਰਹੀ ਹੈ। ਇਸਰਾਈਲ ਨੇ ਗਾਜ਼ਾ ਪੱਟੀ ਉੱਤੇ ਹਵਾਈ ਹਮਲਿਆਂ ਤੋਂ ਬਾਅਦ ਜ਼ਮੀਨੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਹੈ। ਐਤਵਾਰ ਨੂੰ ਇਸਰਾਈਲ ਦੇ ਲੜਾਕੂ ਜਹਾਜ਼ਾਂ ਨੇ ਗਾਜ਼ਾ ਪੱਟੀ ਦੇ ਲਗਪਗ 200 ਟਿਕਾਣਿਆਂ ਉੱਤੇ ਹਮਲੇ ਕੀਤੇ ਹਨ। ਇਸਰਾਈਲ ਸਰਕਾਰ ਦਾ ਕਹਿਣਾ ਹੈ ਕਿ ਫਲਸਤੀਨੀ ਦਹਿਸ਼ਤਗਰਦਾਂ ਨੇ ਇਸ ਸਮੇਂ ਦੌਰਾਨ 130 ਰਾਕਟ ਦਾਗੇ ਹਨ। ਉਹ ਆਪਣੇ ਦੇਸ਼ ਦੀ ਸੁਰੱਖਿਆ ਲਈ ਦਹਿਸ਼ਤਗਰਦਾਂ ਦੇ ਠਿਕਾਣਿਆਂ ਉੱਤੇ ਹਮਲੇ ਕਰ ਰਿਹਾ ਹੈ। ਡਰ ਦੇ ਮਾਰੇ ਹਜ਼ਾਰਾਂ ਲੋਕ ਬੇਘਰ ਹੋ ਕੇ ਅਤੇ ਯੂ.ਐਨ.ਓ. ਦੇ ਇੱਕ ਕੈਂਪ ਵਿੱਚ ਪਨਾਹ ਲੈ ਰਹੇ ਹਨ। ਦੂਜੇ ਪਾਸੇ ਗਾਜ਼ਾ ਪੱਟੀ ਉੱਤੇ ਕਾਬਜ਼ ਹਮਾਸ ਨਾਂ ਦੀ ਫਲਸਤੀਨੀ ਸੁੰਨੀ ਇਸਲਾਮਿਕ ਆਰਗੇਨਾਈਜ਼ੇਸ਼ਨ ਨੇ ਇਸਰਾਈਲ ਦੇ ਖ਼ਿਲਾਫ਼ ਜੰਗ ਜਾਰੀ ਰੱਖੀ ਹੋਈ ਹੈ। ਗਾਜ਼ਾ ਪੱਟੀ ਉੱਤੇ ਹਮਾਸ ਨਾਂ ਦੀ ਫਲਸਤੀਨੀ ਸੁੰਨੀ ਇਸਲਾਮਿਕ ਆਰਗੇਨਾਈਜ਼ੇਸ਼ਨ ਦਾ ਰਾਜ ਹੈ। ਫਲਸਤੀਨ ਦੀ ਸੰਸਦ ਦੀਆਂ ਸੰਨ 2006 ਵਿੱਚ ਹੋਈਆਂ ਚੋਣਾਂ ਵਿੱਚ ਹਮਾਸ ਨੂੰ ਬਹੁਮੱਤ ਹਾਸਲ ਹੋਇਆ ਸੀ। ਅਮਰੀਕਾ, ਕੈਨੇਡਾ ਅਤੇ ਯੂਰਪੀ ਦੇਸ਼ਾਂ ਨੇ ਹਮਾਸ ਨੂੰ ਦਹਿਸ਼ਤਗਰਤ ਜਥੇਬੰਦੀ ਐਲਾਨ ਕੇ ਇਸ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਦੋਂਕਿ ਰੂਸ ਅਤੇ ਚੀਨ ਸਮੇਤ ਕਈ ਦੇਸ਼ਾਂ ਨੇ ਇਸ ਨੂੰ ਦਹਿਸ਼ਤਗਰਦ ਨਹੀਂ ਮੰਨਿਆ ਸੀ।

ਇਹ ਝਗੜਾ ਇਸਰਾਈਲ ਦੀ ਹੋਂਦ ਤੋਂ ਵੀ ਪੁਰਾਣਾ ਹੈ। ਮਈ 1948 ਵਿੱਚ ਇੱਕ ਆਜ਼ਾਦ ਦੇਸ਼ ਬਣ ਜਾਣ ਦਾ ਐਲਾਨ ਕਰਨ ਤੋਂ ਬਾਅਦ ਇਸਰਾਈਲ ਨੇ ਅਮਰੀਕਾ ਦੀ ਛਤਰ ਛਾਇਆ ਹੇਠ ਤਕਨੀਕੀ ਅਤੇ ਫ਼ੌਜੀ ਪੱਖ ਤੋਂ ਵੱਡੀ ਤਾਕਤ ਹਾਸਲ ਕੀਤੀ ਹੈ। ਅਮਰੀਕਾ ਦੇ ਹੀ ਪਦ-ਚਿੰਨਾਂ ਉੱਤੇ ਚੱਲਦੇ ਹੋਏ ਇਸਰਾਈਲ ਨੇ ਵਿਸ਼ਵ ਭਾਈਚਾਰੇ ਅਤੇ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਵਰਗੀ ਸੰਸਥਾ ਦੀ ਵੀ ਪ੍ਰਵਾਹ ਨਹੀਂ ਕੀਤੀ। ਹੁਣ ਵੀ ਆਲਮੀ ਭਾਈਚਾਰਾ ਲਗਾਤਾਰ ਇਸਰਾਈਲ ਅਤੇ ਹਮਾਸ ਨੂੰ ਜੰਗਬੰਦੀ ਦੀ ਅਪੀਲ ਕਰ ਰਿਹਾ ਹੈ। ਇਸਰਾਈਲ ਦੇ ਪ੍ਰਧਾਨ ਮੰਤਰੀ ਨੇ ਸਿਵਲੀਅਨਾਂ ਦੀ ਮੌਤ ਉੱਤੇ ਸ਼ੋਕ ਪ੍ਰਗਟ ਕਰਕੇ ਹਮਾਸ ਉੱਤੇ ਫਲਸਤੀਨੀ ਲੋਕਾਂ ਨੂੰ ਮਨੁੱਖੀ ਢਾਲ ਵੱਜੋਂ ਇਸਤੇਮਾਲ ਕਰਨ ਦਾ ਦੋਸ਼ ਲਗਾਇਆ ਹੈ ਪਰ ਨਾਲ ਹੀ ਸਿਵਲੀਅਨਾਂ ਅਤੇ ਮਸਜਿਦਾਂ ਉੱਤੇ ਹਮਲਿਆਂ ਨੂੰ ਵੀ ਜਾਇਜ਼ ਕਰਾਰ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਮਾਸ ਦੇ ਦਹਿਸ਼ਤਗਰਦਾਂ ਨੇ ਮਸਜਿਦਾਂ ਵਿੱਚ ਪਨਾਹ ਲੈ ਰੱਖੀ ਹੈ, ਸਿਵਲ ਖੇਤਰਾਂ ਵਿੱਚ ਅੱਡੇ ਬਣਾਉਣ ਤੋਂ ਇਲਾਵਾ ਹਨ ਅਤੇ ਹਸਪਤਾਲਾਂ ਵਿੱਚ ਹਥਿਆਰ ਛੁਪਾ ਰੱਖੇ ਹਨ। ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅਬਾਸ ਨੇ ਯੂ.ਐਨ.ਓ. ਦੇ ਸਕੱਤਰ ਜਨਰਲ ਬਾਨ ਕੀ ਮੂਨ ਦੇ ਵਿਸ਼ੇਸ਼ ਦੂਤ ਨੂੰ ਇੱਕ ਅਧਿਕਾਰਤ ਪੱਤਰ ਸੌਂਪ ਕੇ ਮੰਗ ਕੀਤੀ ਹੈ ਕਿ ਗਾਜ਼ਾ ਪੱਟੀ ਵਿੱਚ ਹੋ ਰਹੀ ਹਿੰਸਾ ਦੇ ਮੱਦੇਨਜ਼ਰ ਫਲਸਤੀਨ ਰਾਜ ਨੂੰ ਯੂ.ਐਨ.ਓ. ਅੰਤਰ ਰਾਸ਼ਟਰੀ ਸੁਰੱਖਿਆ ਸਿਸਟਮ ਤਹਿਤ ਲੈ ਲਿਆ ਜਾਵੇ। ਫਰਾਂਸ ਦੇ ਵਿਦੇਸ਼ ਮੰਤਰੀ ਨੇ ਤੁਰੰਤ ਜੰਗਬੰਦੀ ਦੀ ਅਪੀਲ ਕੀਤੀ ਹੈ।

ਸੰਸਾਰ ਵਿੱਚ ਖ਼ੁਦ ਨੂੰ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਦੇ ਤੌਰ ਉੱਤੇ ਪੇਸ਼ ਕਰਨ ਵਾਲਾ ਅਮਰੀਕਾ ਇਨ੍ਹਾਂ ਹਮਲਿਆਂ ਪ੍ਰਤੀ ਖ਼ਾਮੋਸ਼ ਹੈ। ਉਸ ਨੇ ਖ਼ੁਦ ਵੀ ਗ਼ਲਤ ਤੱਥਾਂ ਨੂੰ ਦੁਨੀਆਂ ਸਾਹਮਣੇ ਪ੍ਰਚਾਰ ਕੇ ਇਰਾਕ ਉੱਤੇ ਹਮਲਾ ਕੀਤਾ ਅਤੇ ਯੂ.ਐਨ.ਓ. ਅਤੇ ਸੰਸਾਰ ਲੋਕ ਰਾਇ ਨੂੰ ਨਜ਼ਰ-ਅੰਦਾਜ਼ ਕੀਤਾ ਸੀ। ਇਸਰਾਈਲ ਨੂੰ ਵੀ ਅਰਬ ਦੇਸ਼ਾਂ ਦੇ ਖ਼ਿਲਾਫ਼ ਅਮਰੀਕਾ ਦਾ ਪੂਰੀ ਤਰ੍ਹਾਂ ਥਾਪੜਾ ਹੈ। ਇਹ ਪਹਿਲੀ ਕਾਰਵਾਈ ਨਹੀਂ ਬਲਕਿ ਹਰ ਮਾਮਲੇ ਵਿੱਚ ਤਾਕਤਵਰ ਦੇਸ਼ ਯੂ.ਐਨ.ਓ. ਵਰਗੀ ਸੰਸਥਾ ਦੀ ਅਣਦੇਖੀ ਕਰ ਰਹੇ ਹਨ। ਇਹੀ ਕਾਰਨ ਹੈ ਕਿ ਇਸਰਾਈਲ ਵੀ ਸੰਸਾਰ ਭਾਈਚਾਰੇ ਦੀ ਰਾਇ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ ਹੈ। ਦੂਜੇ ਸੰਸਾਰ ਜੰਗ ਵਿੱਚ ਪ੍ਰਮਾਣੂ ਬੰਬਾਂ ਨਾਲ ਹੋਈ ਤਬਾਹੀ ਤੋਂ ਬਾਅਦ ਜੰਗ ਦੇ ਖ਼ਿਲਾਫ਼ ਲੋਕ ਰਾਇ ਉੱਭਰ ਕੇ ਸਾਹਮਣੇ ਆਈ ਸੀ ਜਿਸ ਦੇ ਸਿੱਟੇ ਵਜੋਂ ਸੰਸਾਰ ਪੱਧਰ ਉੱਤੇ 24 ਅਕਤੂਬਰ 1945 ਨੂੰ ਯੂ.ਐਨ.ਓ. ਦਾ ਗਠਨ ਕੀਤਾ ਗਿਆ ਸੀ। ਇਸ ਵਿੱਚ ਮਨੁੱਖੀ ਅਧਿਕਾਰ, ਸਿਆਸੀ ਹੱਕ ਅਤੇ ਅੰਤਰ ਰਾਸ਼ਟਰੀ ਸਾਰੇ ਵਿਵਾਦਾਂ ਬਾਰੇ ਗੰਭੀਰ ਵਿਚਾਰ ਚਰਚਾ ਤੋਂ ਬਾਅਦ ਫ਼ੈਸਲੇ ਕੀਤੇ ਗਏ ਸਨ ਪਰ ਇਸ ਸੰਸਥਾ ਉੱਤੇ ਵੀ ਸੰਸਾਰ ਦੇ ਤਾਕਤਵਰ ਦੇਸ਼ਾਂ ਦਾ ਕਬਜ਼ਾ ਬਰਕਰਾਰ ਰਿਹਾ। ਇਨ੍ਹਾਂ ਪੰਜ ਦੇਸ਼ਾਂ ਨੂੰ ਅੱਜ ਵੀ ਵੀਟੋ ਪਾਵਰ ਹਾਸਲ ਹੈ। ਯੂ.ਐਨ.ਓ. ਨੂੰ ਚਲਾਉਣ ਲਈ ਕੋਈ ਸੁਤੰਤਰ ਰੂਪ ਵਿੱਚ ਬਜਟ ਦਾ ਪ੍ਰਬੰਧ ਨਾ ਹੋਣ ਕਾਰਨ ਇਹ ਅਮਰੀਕਾ ਦੇ ਮੁਤਾਬਿਕ ਚੱਲਣ ਲਈ ਮਜਬੂਰ ਹੋ ਜਾਂਦੀ ਹੈ। ਸੰਸਾਰ ਭਾਈਚਾਰੇ ਦੀ ਸਰਗਰਮ ਪਹਿਲਕਦਮੀ ਹੀ ਫ਼ਿਲਹਾਲ ਇਸਰਾਈਲ ਨੂੰ ਹਮਲੇ ਕਰਨ ਤੋਂ ਰੋਕ ਸਕਦੀ ਹੈ। ਇਸ ਤੋਂ ਇਲਾਵਾ ਯੂ.ਐਨ.ਓ. ਦਾ ਜਮਹੂਰੀ ਆਧਾਰ ਉੱਤੇ ਪੁਨਰਗਠਨ ਕਰਨ ਅਤੇ ਵੀਟੋ ਪਾਵਰ ਖ਼ਤਮ ਕਰਕੇ ਸਾਰੇ ਦੇਸ਼ਾਂ ਨੂੰ ਬਰਾਬਰ ਦੇ ਅਧਿਕਾਰਾਂ ਦੀ ਆਵਾਜ਼ ਉਠਾਉਣ ਲਈ ਦੂਜੇ ਦੇਸ਼ਾਂ ਨੇ ਮਿਲ ਕੇ ਭਾਰਤ ਨੂੰ ਮੋਹਰੀ ਰੋਲ ਨਿਭਾਉਣਾ ਚਾਹੀਦਾ ਹੈ।

# ਇਰਾਕ ਸੰਕਟ ਦੇ ਦੁਨੀਆਂ ਲਈ ਸਬਕ

ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਸਦਕਾ ਦੱਖਣੀ ਇਰਾਕ ਦੇ ਟਕਰਾਅ ਵਾਲੇ ਖਿੱਤੇ ਵਿੱਚ ਘਿਰੇ ਭਾਰਤੀਆਂ ਦੀ ਵਤਨ ਵਾਪਸੀ ਦਾ ਅਮਲ ਤੇਜ਼ ਹੋ ਗਿਆ ਹੈ। ਪਿਛਲੇ ਕੁਝ ਦਿਨਾਂ ਵਿੱਚ ਪੰਜਾਬ, ਹਰਿਆਣਾ ਅਤੇ ਕੇਰਲ ਦੇ ਇਰਾਕ ਵਿੱਚ ਫਸੇ 500 ਦੇ ਕਰੀਬ ਵਿਅਕਤੀ ਸੁਰੱਖਿਅਤ ਆਪਣੇ ਘਰੀਂ ਪਹੁੰਚ ਚੁੱਕੇ ਹਨ ਜਦੋਂਕਿ 2000 ਦੇ ਲਗਪਗ ਵਿਅਕਤੀਆਂ ਦੀ ਆਉਣ ਵਾਲੇ ਇੱਕ-ਦੋ ਦਿਨਾਂ ਵਿੱਚ ਪਹੁੰਚਣ ਦੀ ਉਮੀਦ ਹੈ। ਮੌਤ ਦੇ ਮੂੰਹ ਵਿੱਚ ਫਸੇ ਇਨ੍ਹਾਂ ਪਰਵਾਸੀ ਭਾਰਤੀਆਂ ਦੇ ਮਾਪਿਆਂ ਅਤੇ ਮੀਡੀਆ ਵੱਲੋਂ ਪਾਏ ਗਏ ਰੌਲੇ ਕਾਰਨ ਭਾਵੇਂ ਦੇਰ ਨਾਲ ਹੀ ਸਹੀ ਪਰ ਆਖ਼ਰ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਨੀਂਦ ਖੁੱਲ੍ਹ ਗਈ ਹੈ ਅਤੇ ਉਨ੍ਹਾਂ ਨੇ ਇਸ ਪਾਸੇ ਸੰਜੀਦਾ ਯਤਨ ਕਰਨੇ ਸ਼ੁਰੂ ਕੀਤੇ ਹਨ।



ਗ਼ੌਰਤਲਬ ਹੈ ਕਿ ਇਰਾਕ ਸੰਕਟ ਲਗਪਗ ਦੋ ਮਹੀਨਿਆਂ ਤੋਂ ਡੂੰਘਾ ਹੁੰਦਾ ਜਾ ਰਿਹਾ ਸੀ ਪਰ ਸਰਕਾਰਾਂ ਨੂੰ ਉੱਥੇ ਰਹਿ ਰਹੇ ਆਪਣੇ ਮੁਲਕ ਦੇ ਬਾਸ਼ਿੰਦਿਆਂ ਦੀ ਕੋਈ ਚਿੰਤਾ ਨਹੀਂ ਸੀ ਜਾਪਦੀ। ਇਰਾਕੀ ਜਹਾਦੀਆਂ ਵੱਲੋਂ 40 ਦੇ ਕਰੀਬ ਭਾਰਤੀਆਂ ਨੂੰ ਬੰਦੀ ਬਣਾ ਕੇ ਅਣਦੱਸੇ ਟਿਕਾਣੇ 'ਤੇ ਲਿਜਾਏ ਜਾਣ ਦੀ ਸਨਸਨੀਖ਼ੇਜ਼ ਖ਼ਬਰ ਆਉਣ ਤੋਂ ਬਾਅਦ ਹੀ ਸਰਕਾਰ ਵੱਲੋਂ ਭਾਰਤੀਆਂ ਦੀ ਸਲਾਮਤੀ ਲਈ ਯਤਨ ਸ਼ੁਰੂ ਹੋਏ ਹਨ। ਤਸੱਲੀ ਵਾਲੀ ਗੱਲ ਇਹ ਹੈ ਕਿ ਹੁਣ ਨਾ ਕੇਵਲ ਕੇਂਦਰ ਸਰਕਾਰ ਸਗੋਂ ਸੂਬਾ ਸਰਕਾਰਾਂ ਵੀ ਇਰਾਕ ਵਿੱਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਤਨ ਵਾਪਸੀ ਲਈ ਫ਼ਿਕਰਮੰਦ ਹਨ। ਸਰਕਾਰ ਵੱਲੋਂ ਇਰਾਕ ਵਿੱਚ ਫਸੇ ਭਾਰਤੀਆਂ ਦੀ ਸਹਾਇਤਾ ਲਈ ਰਾਜਧਾਨੀ ਬਗ਼ਦਾਦ ਤੋਂ ਇਲਾਵਾ ਨਜ਼ਫ਼, ਕਰਬਲਾ ਤੇ ਬਸਰਾ ਵਿੱਚ ਫਿਰਤੂ ਟੀਮਾਂ ਦੀ ਤਾਇਨਾਤੀ, ਟਿਕਟਾਂ ਅਤੇ ਹਵਾਈ ਉਡਾਣਾਂ ਦਾ ਪ੍ਰਬੰਧ, ਕੰਪਨੀਆਂ ਨਾਲ ਗੱਲਬਾਤ ਅਤੇ ਕਰਾਰ ਦੀਆਂ ਸ਼ਰਤਾਂ ਸਬੰਧੀ ਮਦਦ ਤੋਂ ਇਲਾਵਾ ਦਸਤਾਵੇਜ਼ਾਂ ਦੀ ਤਿਆਰੀ ਵਿੱਚ ਯੋਗ ਅਗਵਾਈ ਦੇਣ ਸਬੰਧੀ ਕਦਮ ਚੁੱਕੇ ਗਏ ਹਨ ਜੋ ਕਿ ਸ਼ਲਾਘਾਯੋਗ ਹਨ। ਜੇਕਰ ਸਰਕਾਰ ਇਸ ਮੁੱਦੇ 'ਤੇ ਪਹਿਲਾਂ ਹੀ ਸਾਵਧਾਨ ਹੋ ਜਾਂਦੀ ਤਾਂ 40 ਦੇ ਕਰੀਬ ਭਾਰਤੀਆਂ ਨੂੰ ਬੰਦੀ ਬਣਾਏ ਜਾਣ ਅਤੇ ਕੇਰਲਾ ਦੀਆਂ ਨਰਸਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪੈਂਦਾ।

ਕੇਂਦਰ ਅਤੇ ਸੂਬਾ ਸਰਕਾਰਾਂ ਭਾਵੇਂ ਹੁਣ ਆਪਣੇ ਪਰਵਾਸੀ ਭਰਾਵਾਂ ਦੀ ਸੁਰੱਖਿਆ ਅਤੇ ਵਤਨ ਵਾਪਸੀ ਲਈ ਸੰਜੀਦਾ ਹੋ ਗਈਆਂ ਹਨ ਪਰ ਇਹ ਪਰਵਾਸ ਦੇ ਮਾਮਲੇ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਦਾ ਕੋਈ ਠੋਸ ਅਤੇ ਸਦੀਵੀਂ ਹੱਲ ਨਹੀਂ ਹੈ। ਇਰਾਕ ਵਿੱਚ ਫਸੇ ਭਾਰਤੀਆਂ ਦੇ ਮਾਮਲੇ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਆਪਣੇ ਵਤਨ ਵਾਸੀਆਂ ਪ੍ਰਤੀ ਕੀਤੀ ਜਾ ਰਹੀ ਅਣਗਹਿਲੀ ਦਾ ਹੀਜ-ਪਿਆਜ਼ ਨੰਗਾ ਕਰ ਦਿੱਤਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਕੋਲ ਇਰਾਕ ਸਮੇਤ ਬਾਕੀ ਮੁਲਕਾਂ ਵਿੱਚ ਰੁਜ਼ਗਾਰ, ਵਪਾਰ ਜਾਂ ਹੋਰ ਕੰਮਾਂ-ਕਾਰਾਂ ਲਈ ਗਏ ਭਾਰਤੀਆਂ ਦੀ ਮੁਕੰਮਲ ਸੂਚੀ ਵੀ ਉਪਲਬਧ ਨਹੀਂ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਹਰ ਸਾਲ ਪਰਵਾਸੀ ਭਾਰਤੀ ਸੰਮੇਲਨ ਕਰਵਾ ਕੇ ਫੋਕੀ ਬੱਲੇ-ਬੱਲੇ ਅਤੇ ਸਿਆਸੀ ਲਾਹਾ ਤਾਂ ਖੱਟ ਲੈਂਦੀਆਂ ਹਨ ਪਰ ਪਰਵਾਸੀਆਂ ਦੀ ਭਲਾਈ ਲਈ ਕੋਈ ਠੋਸ ਕਦਮ ਨਹੀਂ ਚੁੱਕਦੀਆਂ। ਅਜਿਹੀ ਸਥਿਤੀ ਵਿੱਚ ਸਰਕਾਰਾਂ ਇਨ੍ਹਾਂ ਦੀ ਉੱਚਿਤ ਮਦਦ, ਅਗਵਾਈ ਅਤੇ ਹਿੱਤਾਂ ਦੀ ਰਾਖੀ ਕਰਨ ਦੇ ਯੋਗ ਕਿਵੇਂ ਹੋ ਸਕਦੀਆਂ ਹਨ?

ਇਸ ਤੋਂ ਜਿੱਥੇ ਸਰਕਾਰਾਂ ਦੀ ਆਪਣੇ ਮੁਲਕ ਦੇ ਲੋਕਾਂ ਪ੍ਰਤੀ ਗ਼ੈਰ-ਸੰਜੀਦਗੀ ਝਲਕਦੀ ਹੈ ਉੱਥੇ ਇਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਬਾਹਰਲੇ ਮੁਲਕਾਂ ਵਿੱਚ ਭੇਜਣ ਵਾਲੇ ਠੱਗ ਟਰੈਵਲ ਏਜੰਟਾਂ ਨਾਲ ਮਿਲੀਭੁਗਤ ਵੀ ਜ਼ਾਹਿਰ ਹੁੰਦੀ ਹੈ। ਇਸ ਤੋਂ ਇਲਾਵਾ ਸਰਕਾਰਾਂ ਵੱਲੋਂ ਪੜ੍ਹੇ-ਲਿਖੇ ਅਤੇ ਹੁਨਰਮੰਦ ਕਾਮਿਆਂ ਨੂੰ ਵੀ ਆਪਣੇ ਮੁਲਕ ਵਿੱਚ ਰੁਜ਼ਗਾਰ ਨਾ ਦੇ ਸਕਣ ਦੀ ਅਸਫ਼ਲਤਾ ਸਾਹਮਣੇ ਆਉਂਦੀ ਹੈ ਜਿਸ ਦੇ ਸਿੱਟੇ ਵਜੋਂ ਲੱਖਾਂ ਭਾਰਤੀ, ਠੱਗ ਟਰੈਵਲ ਏਜੰਟਾਂ ਦੇ ਧੱਕੇ ਚੜ੍ਹ ਕੇ ਅਤੇ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਰੁਜ਼ਗਾਰ ਲਈ ਬਾਹਰਲੇ ਮੁਲਕਾਂ ਵਿੱਚ ਜਾਣ ਲਈ ਮਜਬੂਰ ਹਨ। ਹੋਰ ਤਾਂ ਹੋਰ, ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਬਾਹਰਲੇ ਮੁਲਕਾਂ ਵਿੱਚ ਜਾਣ ਵਾਲੇ ਵਿਅਕਤੀਆਂ ਸਬੰਧੀ ਕੋਈ ਠੋਸ ਨੀਤੀ ਅਤੇ ਦਿਸ਼ਾ-ਨਿਰਦੇਸ਼ ਵੀ ਤੈਅ ਨਹੀਂ ਕੀਤੇ ਗਏ ਜਿਸ ਕਰਕੇ ਹਜ਼ਾਰਾਂ ਵਿਅਕਤੀ ਜਿਨ੍ਹਾਂ ਵਿੱਚ ਮੁਲਕ ਲਈ ਬਹੁਤ ਹੀ ਲੋੜੀਂਦੇ ਪੇਸ਼ਾਵਾਰਾਨਾ ਲੋਕ ਸ਼ਾਮਲ ਹਨ, ਰੋਜ਼ਾਨਾ ਪਰਵਾਸ ਕਰ ਰਹੇ ਹਨ ਅਤੇ ਮੁਲਕ ਵਿੱਚ ਵੱਖ-ਵੱਖ ਕਿੱਤਿਆਂ ਦੇ ਮਾਹਿਰਾਂ ਦੀ ਭਾਰੀ ਕਮੀ ਹੋ ਗਈ ਹੈ।

ਮੌਜੂਦਾ ਸਥਿਤੀ ਵਿੱਚ ਜਿੱਥੇ ਇਰਾਕ ਵਿੱਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਵਤਨ ਵਾਪਸ ਲਿਆਉਣਾ ਸਰਕਾਰ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ ਉੱਥੇ ਭਵਿੱਖ ਵਿੱਚ ਅਜਿਹੇ ਹਾਲਾਤ ਪੈਦਾ ਹੋਣ ਤੋਂ ਰੋਕਣ ਲਈ ਠੋਸ ਨੀਤੀ ਤੈਅ ਕਰਨ ਦੀ ਵੀ ਜ਼ਰੂਰਤ ਹੈ। ਭੋਲੇ-ਭਾਲੇ ਲੋਕਾਂ ਨੂੰ ਲੁੱਟ ਕੇ ਗ਼ੈਰ-ਕਾਨੂੰਨੀ ਢੰਗ ਨਾਲ ਪਰਦੇਸ ਭੇਜਣ ਵਾਲੇ ਠੱਗ ਟਰੈਵਲ ਏਜੰਟਾਂ ਵਿਰੁੱਧ ਲੋੜੀਂਦੀ ਕਾਰਵਾਈ ਕਰਨ ਅਤੇ ਬਾਹਰ ਜਾਣ ਵਾਲੇ ਸਾਰੇ ਭਾਰਤੀਆਂ ਦਾ ਮੁਕੰਮਲ ਰਿਕਾਰਡ ਰੱਖਣ ਲਈ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ।

ਸਿਆਸੀ ਨੇਤਾਵਾਂ ਨੂੰ ਵਤਨ ਵਾਪਸ ਆਏ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲ ਕੇ ਫੋਟੋਆਂ ਅਤੇ ਖ਼ਬਰਾਂ ਛਪਵਾਉਣ ਦੀ ਥਾਂ ਉਨ੍ਹਾਂ ਵੱਲੋਂ ਚੁੱਕੇ ਗਏ ਕਰਜ਼ੇ ਉਤਾਰਨ ਦਾ ਪ੍ਰਬੰਧ ਕਰਨ ਅਤੇ ਇੱਥੇ ਰੁਜ਼ਗਾਰ ਮੁਹੱਈਆ ਕਰਨ ਵਾਸਤੇ ਠੋਸ ਕਾਰਵਾਈ ਕਰਨ ਦੀ ਜ਼ਰੂਰਤ ਹੈ। ਮੁਲਕ ਵਿੱਚ ਵੱਡੇ ਪੱਧਰ 'ਤੇ ਫੈਲ ਚੁੱਕੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਲੋਕ-ਪੱਖੀ ਨੀਤੀਆਂ ਘੜਨ ਨਾਲ ਹੀ ਇਹ ਸਮੱਸਿਆ ਹੱਲ ਹੋ ਸਕਦੀ ਹੈ।

## ਘੁਰਕੀਆਂ ਤੇ ਬੁਰਕੀਆਂ!



ਮਾੜਾ ਕਹਿਣ ਗੇ ਕਿੱਦਾਂ ਜੀ'ਉਤਲਿਆਂ'ਨੂੰ
ਕਾਕੇ ਜਿਨ੍ਹਾਂ ਦੇ 'ਫਿੱਟ'ਨੇ ਕਰੇ ਹੋਏ।
ਚਿੰਤਾ ਕਾਹਦੀ ਏ ਉਨ੍ਹਾਂ ਨੂੰ ਭੁੱਖਿਆਂ ਦੀ
ਢਿੱਡ ਤੁੰਨ੍ਹ ਕੇ ਜਿਨ੍ਹਾਂ ਦੇ ਭਰੇ ਹੋਏ।
ਚੁੱਪ ਧਾਰਦੇ'ਸਾਰਾ ਕੁਝ'ਦੇਖ ਕੇ ਵੀ
ਕਹੋ ਜਿਊਂਦੇ ਨਾ ਅਸਲ ਵਿਚ ਮਰੇ ਹੋਏ।
ਮੋਇਆ ਪੁੱਛਦਾ ਦਾਨਿਆਂ ਭਾਨਿਆਂ ਨੂੰ
ਮਤਲਬ ਕੱਢ ਕੇ ਵੋਟਾਂ ਦਾ ਪਰੇ ਹੋਏ।
ਭਿੱਜੀ ਬਿੱਲੀ ਦੇ ਵਾਂਗ ਕਈ ਦੜੇ ਰਹਿੰਦੇ
ਸਹਿਮ ਜਾਂਦੇ'ਪ੍ਰਧਾਨ'ਦੀਆਂ ਘੁਰਕੀਆਂ ਤੋਂ।
ਕੁੱਝ 'ਖੁਸ਼ੀ' ਵਿਚ ਅੱਖਾਂ ਨੂੰ ਮੀਚ ਲੈਂਦੇ
ਮਿ਼ਲੀਆਂ ਅਹੁਦਿਆਂ ਵਾ਼ਲੀਆਂ ਬੁਰਕੀਆਂ ਤੋਂ!

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-12688888

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਸਰਕਾਰ ਨੇ ਪੁਸਤਕ ਸਭਿਆਚਾਰ ਨੂੰ ਵਿਸਾਰਿਆ



-ਡਾ.ਚਰਨਜੀਤ ਸਿੰਘ ਗੁਮਟਾਲਾ

**ਤਾਮਿਲਨਾਡੂ ਨੇ ਲਾਇਬ੍ਰੇਰੀ ਐਕਟ 1948 ਈ. ਵਿਚ ਪਾਸ ਕੀਤਾ ਪਰ ਪੰਜਾਬ ਨੇ ਅਜੇ ਤੀਕ ਨਹੀਂ ਕੀਤਾ, ਪੰਜਾਬ ਸਰਕਾਰ ਨੇ ਪਿਛਲੇ 7 ਸਾਲਾਂ ਵਿਚ ਇਕ ਵੀ ਕਿਤਾਬ ਨਹੀਂ ਖ੍ਰੀਦੀ ਜਦ ਕਿ ਕ੍ਰੋੜਾਂ ਰੁਪਏ ਕਬੱਡੀ ਮੈਚਾਂ ਵਿਚ ਗਾਉਣ ਵਾਲਿਆਂ ਨੂੰ ਦੇ ਦਿੱਤੇ ਹਨ। ਰਾਜਾ ਰਾਮ ਮੋਹਨ ਰਾਇ ਫਾਊਂਡੇਸ਼ਨ ਵੱਲੋਂ ਪੰਜਾਬ ਦੀਆਂ ਮੌਜੂਦਾ ਲਾਇਬ੍ਰੇਰੀਆਂ ਨੂੰ ਮੁਫ਼ਤ ਵਿਚ ਕਿਤਾਬਾਂ ਦੇਣ ਲਈ ਜੋ 60 ਪ੍ਰਤੀਸ਼ਤ ਗ੍ਰਾਂਟ ਆਉਂਦੀ ਹੈ, ਉਸ ਵਿਚ 40 ਪ੍ਰਤੀਸ਼ਤ ਰਕਮ ਪੰਜਾਬ ਸਰਕਾਰ ਨੇ ਪਾਉਣੀ ਹੁੰਦੀ ਹੈ, ਜੋ ਕਿ ਨਹੀਂ ਪਾਈ ਜਾ ਰਹੀ ਤੇ ਇਸ ਤਰ੍ਹਾਂ ਇਹ ਗ੍ਰਾਂਟ ਅਣਵਰਤੀ ਰਹਿ ਜਾਂਦੀ ਹੈ।**

ਪੁਸਤਕਾਂ ਗਿਆਨ ਦਾ ਸੋਮਾ ਹਨ। ਅੱਜਕਲ ਹਰ ਵਿਸ਼ੇ 'ਤੇ ਪੁਸਤਕਾਂ ਮਿਲਦੀਆਂ ਹਨ। ਹੁਣ ਤਾਂ ਇੰਟਰਨੈੱਟ ਨੇ ਵਿਸ਼ਵ ਵਿਚ ਕਿਤੇ ਵੀ ਬੈਠੇ ਮਨੁੱਖ ਨੂੰ ਘਰ ਬੈਠੇ ਪੁਸਤਕਾਂ ਪੜ੍ਹਨ ਅਤੇ ਖ੍ਰੀਦਣ ਦੀ ਸਹੂਲਤ ਦੇ ਦਿੱਤੀ ਹੈ। ਬਹੁਤ ਸਾਰੀਆਂ ਪੁਸਤਕਾਂ ਇੰਟਰਨੈੱਟ 'ਤੇ ਹਨ ਤੇ ਜਿਹੜੀਆਂ ਨਹੀਂ, ਉਹ ਹੁਣ ਸੌਖਿਆਂ ਹੀ ਮੰਗਵਾਈਆਂ ਜਾ ਸਕਦੀਆਂ ਹਨ। ਜੇ ਪੰਜਾਬ ਵਿਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਹੋ ਜਾਵੇ ਤਾਂ ਇਸ ਨਾਲ ਪੰਜਾਬੀ ਹੋਰ ਸੂਝਵਾਨ ਹੋ ਸਕਦੇ ਹਨ। ਨਸ਼ਿਆਂ ਅਤੇ ਹੋਰ ਸਮਾਜਿਕ ਬੁਰਿਆਈਆਂ ਤੋਂ ਨਿਜ਼ਾਤ ਮਿਲ ਸਕਦੀ ਹੈ। ਉਨ੍ਹਾਂ ਦੀ ਸਿਹਤ ਚੰਗੀ ਹੋ ਸਕਦੀ ਹੈ। ਚੰਗੇ ਇਨਸਾਨ ਦੀ ਘਾੜਤ ਚੰਗੀਆਂ ਪੁਸਤਕਾਂ ਨਾਲ ਹੀ ਹੋ ਸਕਦੀ ਹੈ। ਬੰਗਾਲੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਪੁਸਤਕਾਂ ਅਤੇ ਅਖ਼ਬਾਰਾਂ ਪੜ੍ਹਨ ਦੇ ਬਹੁਤ ਸ਼ੌਕੀਨ ਹਨ ਤੇ ਇਹੋ ਕਾਰਨ ਹੈ ਕਿ ਉਹ ਭਾਰਤੀਆਂ ਵਿਚੋਂ ਸਭ ਤੋਂ ਜ਼ਿਆਦਾ ਸੂਝਵਾਨ ਹਨ।

ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦੁਨੀਆਂ ਦੇ ਬੁਧੀਜੀਵੀਆਂ ਨੇ ਜਨਤਕ ਲਾਇਬਰੇਰੀਆਂ ਦੀ ਸ਼ੁਰੂਆਤ ਕੀਤੀ। ਇੰਗਲੈਂਡ ਵਿਚ 1608 ਈ. ਵਿਚ ਨਾਰਵਿਚ ਲਾਇਬ੍ਰੇਰੀ ਅਤੇ ਅਮਰੀਕਾ ਵਿਚ 1636 ਈ. ਵਿਚ ਬੋਸਟਨ ਵਿਚ ਜਨਤਕ ਲਾਇਬ੍ਰੇਰੀ ਸਥਾਪਤ ਕੀਤੀ ਗਈ। ਵੱਡੀ ਪੱਧਰ 'ਤੇ ਜਨਤਕ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਲਹਿਰ ਇੰਗ-ਲੈਂਡ ਵਿਚ ਉਨਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਈ ਜਦ ਯੂਰਪ ਵਿਚ ਇਨਕਲਾਬ ਆਇਆ। ਅਮਰੀਕਾ ਵਿਚ ਐਂਡਰੀਊ ਕਾਰਨਰੇਗੀ ਫਾਊਂਡੇਸ਼ਨ ਨੇ ਜਨਤਕ ਲਾਇਬ੍ਰੇਰੀਆਂ ਕਾਇਮ ਕਰਨ ਲਈ ਵੱਡਾ ਯੋਗਦਾਨ ਪਾਇਆ ।ਇਸ ਸੰਸਥਾ ਨੇ 1900 ਤੋਂ 1917 ਤੀਕ 1700 ਦੇ ਕ੍ਰੀਬ ਜਨਤਕ ਲਾਇਬ੍ਰੇਰੀਆਂ ਕਾਇਮ ਕੀਤੀਆਂ।

ਇਸ ਲੇਖਕ ਨੂੰ ਅਮਰੀਕਾ, ਕੈਨੇਡਾ ਵਿਚ ਜਨਤਕ ਲਾਇਬ੍ਰੇਰੀਆਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਵਿਚ ਕਿਤਾਬਾਂ, ਅਖ਼ਬਾਰਾਂ ਤੋਂ ਇਲਾਵਾ ਇੰਟਰਨੈੱਟ, ਕਮਪਿਊਟਰ, ਸੀ.ਡੀ., ਡੀ.ਵੀ.ਡੀ. ਆਦਿ ਦੀ ਸੁਵਿਧਾ ਹੈ। ਦੇਸ਼ ਵਿਚ ਕਿਤੇ ਵੀ ਕੋਈ ਕਿਤਾਬ ਹੋਵੇ, ਲਾਇਬ੍ਰੇਰੀ ਵਾਲੇ ਤੁਹਾਨੂੰ ਮੰਗਵਾ ਕੇ ਦੇਣਗੇ। ਬੱਚਿਆਂ, ਬਾਲਗਾਂ ਲਈ ਵਖਰੇ ਵਖਰੇ ਸੈਕਸ਼ਨ ਹਨ। ਲਾਇਬ੍ਰੇਰੀਆਂ ਵਿਚ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਹਨ, ਜਿਵੇਂ ਦੂਜੀਆਂ ਭਾਸ਼ਾਵਾਂ ਦਾ ਗਿਆਨ ਦੇਣਾ, ਇੰਟਰਨੈੱਟ ਉੱਪਰ ਪਾਠਕਾਂ ਦਾ ਇਕ ਦੂਜੇ ਨਾਲ ਵਿਚਾਰ ਵਟਾਂਦਰਾ ਕਰਾਉਣਾ, ਗਰਮੀ ਦੀਆਂ ਛੁੱਟੀਆਂ ਵਿਚ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣੇ। ਇਹ ਸਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਵੀ ਹਨ। ਹਰ ਸਕੂਲ ਭਾਵੇਂ ਉਹ ਪ੍ਰਾਇਮਰੀ ਹੈ, ਉੱਥੇ ਵੀ ਬਹੁਤ ਵਧੀਆ ਲਾਇਬ੍ਰੇਰੀ ਹੈ। ਹਰ ਬੱਚੇ ਨੂੰ ਹਰ ਹਫ਼ਤੇ ਇਕ ਪੁਸਤਕ ਦਿੱਤੀ ਜਾਂਦੀ ਹੈ ਤੇ ਨਾਲ ਹੀ ਉਸ ਪੁਸਤਕ ਨਾਲ ਸੰਬੰਧਤ ਕੁਝ ਸੁਆਲ ਦਿੱਤੇ ਜਾਂਦੇ ਹਨ। ਸਾਡੇ ਸੀਨੀਅਰ, ਸੈਕੰਡਰੀ ਸਕੂਲਾਂ ਵਿਚ ਉਹੋ ਜਿਹੀ ਸੁਵਿਧਾ ਨਹੀਂ ਜੋ ਉੱਥੇ ਪ੍ਰਾਇਮਰੀ ਸਕੂਲਾਂ ਵਿਚ ਹੈ। ਉੱਥੇ ਲਾਇਬ੍ਰੇਰੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲਾਇਬ੍ਰੇਰੀ ਦੋਸਤ (ਫਰੈਂਡਜ਼ ਆਫ਼ ਲਾਇਬ੍ਰੇਰੀ) ਸੰਸਥਾਵਾਂ ਹਨ ਪਰ ਸਾਡੀਆਂ ਲਾਇਬ੍ਰੇਰੀਆਂ ਵਿਚ ਅਸੀਂ ਅਜਿਹੀਆਂ ਸੰਸਥਾਵਾਂ ਬਨਾਉਣ ਵਿਚ ਕੋਈ ਰੁਚੀ ਨਹੀਂ ਲੈਂਦੇ।

ਪੰਜਾਬ ਵਿਚ 1884 ਈ. ਵਿਚ ਪੰਜਾਬ ਜਨਤਕ ਲਾਇਬ੍ਰੇਰੀ ਲਾਹੌਰ ਸਥਾਪਤ ਕੀਤੀ ਗਈ ਤੇ ਇਹ ਦੇਸ਼ ਵਿਚ ਦੂਜੀ ਸਭ ਤੋਂ ਵੱਡੀ ਲਾਇਬ੍ਰੇਰੀ ਸੀ, ਜੋ ਕਿ ਲਾਹੌਰ ਵਿਚ ਅਜੇ ਵੀ ਕੰਮ ਕਰ ਰਹੀ ਹੈ ਤੇ ਇਸ 'ਤੇ ਇਸ ਉਪਰ ਅਜੇ ਵੀ ਮਾਣ ਕੀਤਾ ਜਾ ਸਕਦਾ ਹੈ। ਸਭ ਤੋਂ ਵਡੀ ਲਾਇਬ੍ਰੇਰੀ ਜਿਹੜੀ ਕਾਇਮ ਹੋਈ ਸੀ ਉਹ ਸੀ ਇਮਪੀਰੀਅਲ ਲਾਇਬ੍ਰੇਰੀ, ਕੱਲਕਤਾ।

ਜਿੱਥੋਂ ਤੀਕ ਸ਼ਹਿਰਾਂ ਵਿਚ ਜਨਤਕ ਲਾਇਬ੍ਰੇਰੀਆਂ ਕਾਇਮ ਕਰਨ ਦਾ ਸੰਬੰਧ ਹੈ, ਪਹਿਲੀ ਮਿਊਂਸਿਪਲ ਲਾਇਬ੍ਰੇਰੀ ਲੁਧਿਆਣਾ ਵਿਚ 1878 ਈ. ਵਿਚ ਸਥਾਪਤ ਕੀਤੀ ਗਈ। ਲਾਹੌਰ ਵਿਚ 1884 ਵਿਚ, ਪਟਿਆਲਾ ਵਿਚ 1897, ਅੰਮ੍ਰਿਤਸਰ ਵਿਚ 1900, ਕਪੂਰਥਲਾ ਵਿਚ 1904, ਸੰਗਰੂਰ ਵਿਚ 1912 ਵਿਚ ਮਿਊਂਸਿਪਲ ਲਾਇਬ੍ਰੇਰੀ ਕਾਇਮ ਕੀਤੀ ਗਈ। ਜਿੱਥੋਂ ਤੀਕ ਪਿੰਡਾਂ ਦਾ ਸੰਬੰਧ ਹੈ, 1920-30 ਦੇ ਦਰਮਿਆਨ ਸਿਖਿਆ ਅਤੇ ਸਹਿਕਾਰਤਾ ਵਿਭਾਗ ਨੇ ਮਿਡਲ ਤੇ ਨਾਰਮਲ ਸਕੂਲਾਂ 1500 ਕ੍ਰੀਬ ਲਾਇਬ੍ਰੇਰੀਆਂ ਖੋਲੀਆਂ ਗਈਆਂ। ਵਿਦੇਸ਼ਾਂ ਵਾਂਗ ਪਿੰਡ ਪਿੰਡ ਲਾਇਬ੍ਰੇਰੀਆਂ ਖੋਲਣ ਲਈ ਲਾਇਬ੍ਰੇਰੀ ਐਕਟ ਬਨਾਉਣ ਲਈ 1920 ਈ. ਵਿਚ ਸੋਚਿਆ ਗਿਆ ਤੇ 1930 ਈ. ਵਿਚ ਇਸ ਦਾ ਖਰੜਾ ਤਿਆਰ ਕੀਤਾ ਗਿਆ। ਇਸ ਖਰੜੇ ਦੇ ਆਧਾਰ 'ਤੇ 12 ਪਬਲਿਕ ਲਾਇਬ੍ਰੇਰੀ ਐਕਟ ਪਾਸ ਕੀਤੇ ਗਏ ਤੇ 10 ਰਾਜਾਂ ਨੇ ਐਕਟ ਪਾਸ ਕੀਤੇ। ਸਭ ਤੋਂ ਪਹਿਲਾਂ 1948 ਈ. ਵਿਚ ਤਾਮਿਲਨਾਡੂ ਨੇ ਲਾਇਬ੍ਰੇਰੀ ਐਕਟ ਪਾਸ ਕੀਤਾ। ਇਸ ਪਿੱਛੋਂ ਆਂਧਰਾ ਪ੍ਰਦੇਸ਼ ਨੇ 1960 ਵਿਚ, ਕਰਨਾਟਕਾ ਨੇ 1965 ਵਿਚ, ਮਹਾਂਰਾਸ਼ਟਰ ਨੇ 1967, ਪੱਛਮੀ ਬੰਗਾਲ ਨੇ 1979, ਮਨੀਪੁਰ ਨੇ 1988, ਕੇਰਲ ਨੇ 1989, ਹਰਿਆਣਾ ਨੇ 1989, ਮੀਜੋਰਾਮ ਅਤੇ ਗੋਆ ਨੇ 1993 ਵਿਚ ਇਹ ਐਕਟ ਪਾਸ ਕੀਤੇ।

ਜਿੱਥੋਂ ਤੀਕ ਪੰਜਾਬ ਦਾ ਸੰਬੰਧ ਹੈ, ਪੰਜਾਬ ਸਰਕਾਰ ਨੇ ਅਜੇ ਤੀਕ ਅਜਿਹਾ ਐਕਟ ਪਾਸ ਨਹੀਂ ਕੀਤਾ। ਜੇ ਇਹ ਐਕਟ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਪਬਲਿਕ ਲਾਇਬ੍ਰੇਰੀਆਂ ਲਈ ਵੱਖਰਾ ਵਿਭਾਗ ਹੋਵੇਗਾ, ਜਿਵੇਂ ਕਿ ਬਾਕੀ ਵਿਭਾਗ ਹਨ। ਉਸ ਦਾ ਆਪਣਾ ਬਜਟ ਹੋਵੇਗਾ। ਹਰ ਪਿੰਡ ਵਿਚ ਲਾਇਬ੍ਰੇਰੀ ਹੋਵੇਗੀ, ਜਿੱਥੇ ਪੁਸਤਕਾਂ ਤੋਂ ਇਲਾਵਾ ਅਖ਼ਬਾਰਾਂ, ਰਸਾਲੇ ਆਦਿ ਹੋਣਗੇ, ਜਿਸ ਨਾਲ ਹਰ ਪੰਜਾਬੀ ਵਿਚ ਪੜ੍ਹਨ ਦੀ ਰੁਚੀ ਹੋਵੇਗੀ। ਨਸ਼ੇ ਦੇ ਵਗ ਰਹੇ ਛੇਵੇਂ ਦਰਿਆ ਨੂੰ ਠਲ ਪਵੇਗੀ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਐਕਟ ਕਦੋਂ ਪਾਸ ਹੋਵੇਗਾ? ਪੰਜਾਬ ਲਾਇਬ੍ਰੇਰੀ ਐਕਟ ਬਨਾਉਣ ਲਈ 1962 ਵਿਚ ਸਭ ਤੋਂ ਪਹਿਲਾਂ ਸੈਮੀਨਾਰ ਚੰਡੀਗੜ੍ਹ ਵਿਚ ਹੋਇਆ। 1980 ਵਿਚ ਸਿਖਿਆ ਸਕੱਤਰ ਨੇ ਖਰੜਾ ਤਿਆਰ ਕਰਨ ਲਈ ਮਾਹਿਰਾਂ ਦੀ ਕਮੇਟੀ ਬਣਾਈ। ਜਦ ਸ. ਸੇਵਾ ਸਿੰਘ ਸੇਖਵਾਂ ਸਿਖਿਆ ਮੰਤਰੀ ਸਨ ਤਾਂ ਉਨ੍ਹਾਂ ਨੇ ਮਾਹਿਰਾਂ ਦੀ ਇਕ ਕਮੇਟੀ ਬਣਾਈ ਸੀ। ਇਸ ਸੰਬੰਧੀ 26 ਸਤੰਬਰ 2011 ਨੂੰ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਪੰਜਾਬ ਸਰਕਾਰ ਨੇ ਮਾਹਿਰਾਂ ਦੀ ਜਿਹੜੀ ਕਮੇਟੀ ਬਣਾਈ ਸੀ, ਉਸ ਨੇ ਦੂਜੇ ਸੂਬਿਆਂ ਦਾ ਅ-ਧਐਨ ਕਰਕੇ ਇਹ ਰਿਪੋਰਟ ਦਿੱਤੀ ਹੈ ਕਿ ਕੇਰਲਾ ਲਾਇਬ੍ਰੇਰੀ ਐਕਟ ਸਭ ਤੋਂ ਵਧੀਆ ਹੈ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ ਇਸ ਬਾਰੇ ਆਰਡੀਨੈਂਸ ਜਾਰੀ ਕਰ ਦਿੱਤਾ ਜਾਵੇਗਾ ਤਾਂ ਜੋ ਪਿੰਡ ਪਿੰਡ ਲਾਇਬ੍ਰੇਰੀ ਖੋਲਣ ਲਈ ਰਾਹ ਪੱਧਰਾ ਹੋ ਸਕੇ । ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਐਕਟ ਨਾਲ ਹਰ ਪਿੰਡ, ਕਸਬੇ, ਸ਼ਹਿਰ ਵਿਚ ਲਾਇਬ੍ਰੇਰੀ ਸਥਾਪਤ ਹੋਵੇਗੀ, ਜਿਸ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਪੁਸਤਕਾਂ, ਅਖ਼ਬਾਰਾਂ, ਰਸਾਲੇ ਉਪਲਬਧ ਹੋਣਗੇ।ਇਸ ਨਾਲ ਲੇਖਕਾਂ ਦੀਆਂ ਪੁਸਤਕਾਂ ਵੱਡੀ ਗਿਣਤੀ ਵਿਚ ਛਪਣਗੀਆਂ। ਲੇਖਕਾਂ ਤੇ ਪ੍ਰਕਾਸ਼ਕਾਂ ਨੂੰ ਲਾਭ ਹੋਵੇਗਾ।

ਇਹ ਬਿਆਨ ਅਖ਼ਬਾਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ। ਉਨ੍ਹਾਂ ਪਿੱਛੋਂ ਨਵੀਂ ਸਰਕਾਰ ਬਣੀ ਤੇ ਮੌਜੂਦਾ ਸਿਖਿਆ ਮੰਤਰੀ ਸ. ਸਿਕੰਦਰ ਸਿੰਘ ਮਲੂਕਾ ਨੇ ਪਿਛਲੇ ਸਾਲ 27 ਫ਼ਰਵਰੀ 2013 ਨੂੰ ਮੁੜ ਇਕ ਕਮੇਟੀ ਬਨਾਉਣ ਦਾ ਐਲਾਨ ਕਰ ਦਿੱਤਾ। ਜਦ ਇਸ ਲੇਖਕ ਨੇ ਇਕ ਮੈਂਬਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ।

2 ਅਪ੍ਰੈਲ 2014 ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ 'ਪੰਜਾਬ ਲਾਇਬ੍ਰੇਰੀਜ਼ ਐਂਡ ਇਨਫਰਮੇਸ਼ਨ ਸਰਵਿਸਜ਼ ਬਿੱਲ' ਲਾਗੂ ਕਰਵਾਉਣ ਲਈ, ਸ੍ਰੀ ਹਰੀਸ਼ ਮੌਡਗਿਲ ਤੇ ਡਾ. ਜਸਵੰਤ ਸਿੰਘ ਦੀ ਇਕ ਲੋਕ ਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਅਦਾਲਤ, ਸਰਕਾਰ ਨੂੰ ਇਸ ਸੰਬੰਧੀ ਹਦਾਇਤਾਂ ਜਾਰੀ ਨਹੀਂ ਕਰ ਸਕਦੀ, ਪਰ ਆਸ ਪ੍ਰਗਟ ਕੀਤੀ ਕਿ ਸਰਕਾਰ ਚੋਣਾਂ ਪਿੱਛੋਂ ਇਹ ਕਾਨੂੰਨ ਜ਼ਰੂਰ ਲਾਗੂ ਕਰੇਗੀ, ਜੋ ਕਿ ਸਰਕਾਰ ਪਾਸ ਪਿੱਛਲੇ ਕਈ ਸਾਲਾਂ ਤੋਂ ਪਾਸ ਹੋਣ ਲਈ ਪਿਆ ਹੈ।ਇਹ ਬਿੱਲ ਕਦੋਂ ਪਾਸ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ? ਪਰ ਇਸ ਸੰਬੰਧੀ ਸਰਕਾਰ ਦੀ ਉਦਾਸੀਨਤਾ ਜ਼ਰੂਰ ਨਜ਼ਰ ਆਉਂਦੀ ਹੈ। ਬਾਕੀ ਪਾਰਟੀਆਂ ਦਾ ਵੀ ਇਹੋ ਹਾਲ ਹੈ।ਚੋਣਾਂ ਵਿਚ ਇਸ ਨੂੰ ਕਿਸੇ ਵੀ ਪਾਰਟੀ ਨੇ ਚੋਣ ਮੁਦਾ ਨਹੀਂ ਬਣਾਇਆ, ਜਿਸ ਤੋਂ ਪਤਾ ਲਗਦਾ ਹੈ ਕਿ ਕੋਈ ਵੀ ਪਾਰਟੀ ਲਾਇਬ੍ਰੇਰੀ ਐਕਟ ਪ੍ਰਤੀ ਸੰਜੀਦਾ ਨਹੀਂ।

ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ 7 ਸਾਲਾਂ ਵਿਚ ਇਕ ਵੀ ਕਿਤਾਬ ਨਹੀਂ ਖ੍ਰੀਦੀ ਜਦ ਕਿ ਕ੍ਰੋੜਾਂ ਰੁਪਏ ਕਬੱਡੀ ਮੈਚਾਂ ਵਿਚ ਗਾਉਣ ਵਾਲਿਆਂ ਨੂੰ ਦੇ ਦਿੱਤੇ ਹਨ। ਰਾਜਾ ਰਾਮ ਮੋਹਨ ਰਾਇ ਫਾਊਂਡੇਸ਼ਨ ਵੱਲੋਂ ਪੰਜਾਬ ਦੀਆਂ ਮੌਜੂਦਾ ਲਾਇਬ੍ਰੇਰੀਆਂ ਨੂੰ ਮੁਫ਼ਤ ਵਿਚ ਕਿਤਾਬਾਂ ਦੇਣ ਲਈ ਜੋ 60 ਪ੍ਰਤੀਸ਼ਤ ਗ੍ਰਾਂਟ ਆਉਂਦੀ ਹੈ, ਉਸ ਵਿਚ 40 ਪ੍ਰਤੀਸ਼ਤ ਰਕਮ ਪੰਜਾਬ ਸਰਕਾਰ ਨੇ ਪਾਉਣੀ ਹੁੰਦੀ ਹੈ, ਜੋ ਕਿ ਨਹੀਂ ਪਾਈ ਜਾ ਰਹੀ ਤੇ ਇਸ ਤਰ੍ਹਾਂ ਇਹ ਗ੍ਰਾਂਟ ਅਣਵਰਤੀ ਰਹਿ ਜਾਂਦੀ ਹੈ।

ਸੂਝਵਾਨ ਲੋਕਾਂ ਤੇ ਜਥੇਬੰਦੀਆਂ ਨੂੰ ਇਸ ਬਾਰੇ ਅਗੇ ਆਉਣਾ ਚਾਹੀਦਾ ਹੈ ਤੇ ਜਨਤਕ ਲਹਿਰ ਉਸਾਰਨੀ ਚਾਹੀਦੀ ਹੈ। ਜਦ ਕਿ ਬਾਕੀ ਸੂਬਿਆਂ ਦੀਆਂ ਸਰਕਾਰਾਂ ਲਾਇਬ੍ਰੇਰੀ ਐਕਟ ਕਈ ਕਈ ਸਾਲ ਪਹਿਲਾਂ ਪਾਸ ਕਰ ਚੁਕੀਆਂ ਹਨ ਤਾਂ ਪੰਜਾਬ ਸਰਕਾਰ ਨੂੰ ਕੀ ਮੁਸ਼ਕਲ ਹੈ?

ਇਸ ਕਾਨੂੰਨ ਦਾ ਖ਼ਰੜਾ ਤਾਂ 2011 ਦਾ ਤਿਆਰ ਹੈ,ਬੱਸ ਜਨਤਕ ਦਬਾਅ ਬਣਾਉਣ ਦੀ ਲੋੜ ਹੈ। ਵਿਰੋਧੀ ਪਾਰਟੀ ਨੂੰ ਵੀ ਇਹ ਮਸਲਾ ਪੰਜਾਬ ਵਿਧਾਨ ਸਭਾ ਦੇ ਆਉਂਦੇ ਅਜਲਾਸ ਵਿਚ ਜੋਰ ਸ਼ੋਰ ਨਾਲ ਉਠਾਉਣਾ ਚਾਹੀਦਾ। ਮੌਜੂਦਾ ਸਿਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ ਨੂੰ ਚਾਹੀਦਾ ਹੈ ਕਿ ਉਹ ਨਿੱਜੀ ਦਿਲਚਸਪੀ ਲੈ ਕੇ ਇਸ ਸੰਬੰਧੀ ਆਰਡੀਨੈਂਸ ਜਾਰੀ ਕਰਵਾ ਕੇ ਪੰਜਾਬੀਆਂ ਦੀ ਵਾਹਵਾ ਖਟਣ।

**# 0019375739812 (ਅਮਰੀਕਾ)**

# ਮਾਈਨਾਰਟੀ ਕਮਿਸ਼ਨ ਪੰਜਾਬ ਦੀ ਕਾਰਗੁਜ਼ਾਰੀ ਕੀ?




ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਸਾਢੇ ਚਾਰ ਸਾਲ ਪਹਿਲਾਂ ਰਾਜ ਵਿਚ ਮਾਈਨਾਰਟੀ ਕਮਿਸ਼ਨ ਸਥਾਪਤ ਕੀਤਾ ਸੀ। ਇਸ ਕਮਿਸ਼ਨ ਦੇ ਚੇਅਰਮੈਨ ਸ੍ਰੀ ਮੁਨੱਵਰ ਮਸੀਹ ਹਨ ਜਦਕਿ ਤਿੰਨ ਹੋਰ ਇਸਾਈ ਮੈਂਬਰ ਵੀ ਰਹੇ ਹਨ, ਜਿਹਨਾਂ ਵਿਚ ਸ੍ਰੀ ਹਮੀਦ ਮਸੀਹ ਜਲੰਧਰ, ਸ੍ਰੀ ਇਮਾਨੂੰਏਲ ਮਸੀਹ ਹੁਸ਼ਿਆਰਪੁਰ ਅਤੇ ਸ੍ਰੀ ਐਲਬਰਟ ਦੁਆ ਲੁਧਿਆਣਾ ਸ਼ਾਮਲ ਰਹੇ ਹਨ। ਸਾਡੀ ਇਸ ਕਮਿਸ਼ਨ ਨੂੰ ਅਪੀਲ ਹੈ ਕਿ ਉਹ ਆਪਣੀ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਘੱਟ ਗਿਣਤੀਆਂ ਸਾਹਮਣੇ ਪੇਸ਼ ਕਰੇ ਤਾਂ ਕਿ ਜਨਤਾ ਨੂੰ ਪਤਾ ਲੱਗ ਸਕੇ ਕਿ ਘੱਟ ਗਿਣਤੀਆਂ ਲਈ ਇਸ ਕਮਿਸ਼ਨ ਦੀ ਕੀ ਉਪਯੋਗਤਾ ਹੁਣ ਤੱਕ ਰਹੀ ਹੈ। ਕਮਿਸ਼ਨ ਸਪਸ਼ਟ ਕਰੇ ਕਿ ਸਾਢੇ ਚਾਰ ਸਾਲ ਵਿਚ ਉਸ ਨੇ ਘੱਟ ਗਿਣਤੀ ਬਰਾਦਰੀਆਂ ਦੀ ਆਰਥਿਕ, ਵਿਦਿਅਕ, ਸਮਾਜਿਕ ਅਤੇ ਸਭਿਆਚਾਰਕ ਖੇਤਰਾਂ ਵਿਚ ਉਨਤੀ ਲਈ ਕੀ ਕੀਤਾ? ਅਤੇ ਸਿਆਸੀ, ਆਰਥਿਕ, ਵਿਦਿਅਕ ਅਤੇ ਸਭਿਆਚਾਰਕ ਖੇਤਰਾਂ ਵਿਚ ਘੱਟ ਗਿਣਤੀ ਬਰਾਦਰੀਆਂ ਨਾਲ ਹੋ ਰਹੇ ਵਿਤਕਰਿਆਂ ਨੂੰ ਦੂਰ ਕਰਨ ਲਈ ਕੀ ਭੂਮਿਕਾ ਅਦਾ ਕੀਤੀ ਹੈ? ਖਾਸ ਤੌਰ ਤੇ ਅਕਾਲੀ ਭਾਜਪਾ ਰਾਜ ਦੇ ਪਿਛਲੇ ਸਾਲ ਸਾਲਾਂ ਵਿਚ ਇਸਾਈ ਮਸੀਹੀ ਸਮਾਗਮਾਂ ਤੇ ਜੋ ਇਕ ਸੌ ਤੋਂ ਵੱਧ ਹਮਲੇ ਹੋਏ ਅਤੇ ਪੰਜਾਬ ਵਿਚ ਅਜਿਹੇ ਮਾਮਲਿਆਂ ਦੇ ਜੋ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ, ਉਹਨਾਂ ਪ੍ਰਤੀ ਕਮਿਸ਼ਨ ਦੀ ਕੀ ਭੂਮਿਕਾ ਰਹੀ ਹੈ? ਇਸ ਤੋਂ ਇਲਾਵਾ ਕਮਿਸ਼ਨ ਇਹ ਵੀ ਦੱਸੇ ਕਿ ਪੰਜਾਬ ਵਿਚ (ੳ) ਇਸਾਈ ਆਬਾਦੀ ਕਿੰਨੀ ਹੈ, (ਅ) ਕਿੰਨੇ ਇਸਾਈ ਬੇਰੁਜ਼ਗਾਰ ਹਨ, (ੲ) ਕਿੰਨੇ ਇਸ-ਾਈ ਬੇਘਰੇ ਹਨ, (ਸ) ਕਿੰਨੇ ਇਸਾਈ ਪਿੰਡ ਵਿਚ ਕਸਰਿਸਤਾਨ ਨਹੀਂ ਹਨ, (ਹ) ਕਿੰਨੀਆਂ ਇਸਾਈ ਵਿਧਵਾਵਾਂ ਨੂੰ ਸਰਕਾਰੀ ਪੈਨਸ਼ਨਾਂ ਮਿਲ ਰਹੀਆਂ ਹਨ। (ਕ) ਕਿੰਨੇ ਯਤੀਮ ਬੱਚਿਆਂ ਨੂੰ ਸਰਕਾਰੀ ਸਹਾਇਤਾ ਮਿਲ ਰਹੀ ਹੈ।

## ਪਾਕਿ ਨੇ ਦਿਲੀਪ ਕੁਮਾਰ ਦੇ ਘਰ ਨੂੰ ਰਾਸ਼ਟਰੀ ਵਿਰਾਸਤ ਐਲਾਨਿਆ



ਕਰਾਚੀ - ਪਾਕਿਸਤਾਨ ਨੇ ਪ੍ਰਸਿੱਧ ਅਭਿਨੇਤਾ ਦਿਲੀਪ ਕੁਮਾਰ ਦੇ ਘਰ ਨੂੰ ਰਾਸ਼ਟਰੀ ਵਿਰਾਸਤ ਐਲਾਨਿਆ ਹੈ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਸੂਚਨਾ ਤੇ ਪ੍ਰਸਾਰ ਅਤੇ ਰਾਸ਼ਟਰੀ ਵਿਰਾਸਤ ਵਿਭਾਗ ਦੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਉਹ ਦਿਲੀਪ ਕੁਮਾਰ ਦੇ ਘਰ ਦਾ ਕਬਜ਼ਾ ਲੈ ਕੇ ਉਸਨੂੰ ਰਾਸ਼ਟਰੀ ਅਜਾਇਬਘਰ ਅਤੇ ਕਲਾ ਕੇਂਦਰ ਦੇ ਰੂਪ ਤਬਦੀਲ ਕਰਨ। ਅਜਿਹਾ ਕਰਕੇ ਸ਼੍ਰੀ ਸ਼ਰੀਫ ਨੇ ਆਪਣੇ ਪੁਰਾਣੇ ਵਾਅਦੇ ਨੂੰ ਪੂਰਾ ਕੀਤਾ ਹੈ। ਦਿਲੀਪ ਕੁਮਾਰ ਦਾ ਘਰ ਪੇਸ਼ਾਵਰ ਵਿਚ ਹੈ ਅਤੇ ਉਸਦਾ ਖੇਤਰਫਲ 5 ਮਰਲੇ ਹੈ।

## ਸ਼ਾਂਤੀ ਦੇ ਲਈ ਬੁੱਧ ਨਾਲ ਜੁੜੀਆਂ ਕਿਤਾਬਾਂ ਪੜ੍ਹ ਰਹੇ ਹਨ ਸ਼ਾਹਰੁਖ ਖਾਨ



ਮੁੰਬਈ- ਆਈ. ਪੀ. ਐਲ ਸੱਤ ਵਿਚ ਕੋਲਕਾਤਾ ਨਾਈਟ ਰਾਈਡਰਸ ਟੀਮ ਦੀ ਜਿੱਤ ਤੋਂ ਖੁਸ਼ ਇਸਦੇ ਮਾਲਕ ਸੁਪਰ ਸਟਾਰ ਸ਼ਾਹਰੁਖ ਖਾਨ ਨੇ ਖੁਦ ਨੂੰ ਸ਼ਾਂਤ ਰੱਖਣ ਦੇ ਲਈ ਮਹਾਤਮਾ ਬੁੱਧ ਦੇ ਜੀਵਨ ਤੇ ਆਧਾਰਿਤ ਪੁਸਤਕਾਂ ਪੜ੍ਹਨੀਆਂ ਸ਼ੁਰੂ ਕੀਤੀਆਂ ਹਨ। ਸ਼ਾਹਰੁਖ ਪੂਰੇ ਆਈ. ਪੀ. ਐਲ ਸੈਸ਼ਨ ਵਿਚ ਯੂ. ਏ. ਈ. ਅਤੇ ਭਾਰਤ ਵਿਚ ਫਰਾਹ ਖਾਨ ਦੀ ਅਗਲੀ ਫਿਲਮ ਹੈਪੀ ਨਿਊ ਈਅਰ ਦੀ ਸ਼ੂਟਿੰਗ ਦੇ ਨਾਲ ਆਪਣੀ ਟੀਮ ਦਾ ਉਤਸ਼ਾਹ ਵਧਾਉਣ ਵਿਚ ਬਿਜ਼ੀ ਰਹੇ। ਉਹਨਾਂ ਨੇ ਪੋਸਟ ਵਿਚ ਕਿਹਾ ਕਿ ਗੌਤਮ ਬੁੱਧ ਦੇ ਜੀਵਨ ਤੇ ਆਧਾ ਰਿਤ ਪੁਸਤਕਾਂ ਦਾ ਸੈਟ ਮਿਲਿਆ ਹੈ। ਉਹਨਾਂ ਨੂੰ ਪੜ੍ਹਨ ਲੱਗਿਆ ਹਾਂ ਤਾਂ ਜੋ ਮੈਂ ਖੁਦ ਨੂੰ ਥੋੜ੍ਹਾ ਸ਼ਾਂਤ ਕਰ ਸਕਾਂ।



ਪ੍ਰੋਫੈਸਰ ਵਿਵੇਕ ਕੁਮਾਰ ਜੀ ਨੂੰ ਸਮਿਯਕ ਸਾਹਿਤਕ ਰਤਨ ਸਨਮਾਨ 2014 ਨਾਲ ਸਨਮਾਨਿਤ ਕੀਤੇ ਜਾਣ ਤੇ ਅਦਾਰਾ "ਦੇਸ ਦੁਆਬਾ" ਵਲੋਂ ਹਾਰਦਿਕ ਵਧਾਈਆਂ। ਸਨਮਾਨ ਸਮਾਰੋਹ ਦੀਆਂ ਕੁਝ ਝਲਕੀਆਂ।

# ਆਖ਼ਰਕਾਰ ਹਰਿਆਣਾ ਦੇ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧ ਵਿਚ ਖ਼ੁਦਮੁਖਤਾਰੀ ਮਿਲੀ



ਉਜਾਗਰ ਸਿੰਘ

ਹਰਿਆਣਾ ਗੁਰਦੁਆਰਾ ਪ੍ਰਬੰਧਨ ਬਿਲ-2014 ਦੇ ਹਰਿਆਣਾ ਵਿਧਾਨ ਸਭਾ ਵੱਲੋਂ ਪਾਸ ਕਰਨ ਨਾਲ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਲਈ ਰਾਹ ਪੱਧਰਾ ਹੋ ਗਿਆ ਹੈ। ਛੇ ਜੁਲਾਈ ਨੂੰ ਭੁਪਿੰਦਰ ਸਿੰਘ ਹੁੱਡਾ ਮੁੱਖ ਮੰਤਰੀ ਹਰਿਆਣਾ ਵਲੋਂ ਕੈਥਲ ਜਿਲ੍ਹੇ ਦੇ ਪਿੰਡ ਪੱਟੀ ਅਫਗਾਨ ਵਿਖੇ ਹਰਿਆਣਾ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਐਲਾਨ ਸਿੱਖਾਂ ਦੇ ਇੱਕ ਸਮਾਗਮ ਵਿਚ ਕੀਤਾ ਗਿਆ ਸੀ। ਰਾਜਪਾਲ ਵੱਲੋਂ ਦਸਤਖਤ ਕਰਨ ਮਗਰੋਂ ਇਹ ਬਿਲ ਕਾਨੂੰਨ ਬਣ ਜਾਵੇਗਾ। ਹਰਿਆਣਾ ਵਿਚ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਵੇਖ ਭਾਲ ਕਰਨ ਲਈ ਹਰਿਆਣਾ ਦੇ ਪੰਜਾਬੀਆਂ ਅਤੇ ਵਿਸਸ਼ੇ ਤੌਰ ਤੇ ਸਿੱਖਾਂ ਦੀ ਮੰਗ ਹਮੇਸ਼ਾ ਹੀ ਵਾਦਵਿਵਾਦ ਦਾ ਮੁੱਦਾ ਬਣਦੀ ਰਹਿੰਦੀ ਹੈ। ਇਸ ਸਮੇਂ ਹਰਿਆਣਾ ਵਿਚ ਅੱਸੀ ਗੁਰਦੁਆਰਾ ਸਾਹਿਬਾਨ ਹਨ ਜਿਨ੍ਹਾ ਦੀ ਵੇਖ ਭਾਲ ਪੰਜਾਬ ਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਕਰਦੀ ਹੈ। ਇਹਨਾਂ ਗੁਰਦੁਆਰਾ ਸਾਹਿਬਾਨ ਵਿਚੋਂ ਅੱਠ ਧਾਰਾ 45 ਅਤੇ 72 ਧਾਰਾ 87 ਅਧੀਨ ਐ ਜੀ ਪੀ ਸੀ ਅਧੀਨ ਸਨ। ਇਹਨਾਂ ਗੁਰਦੁਆਰਾ ਸਾਹਿਬਾਨ ਤੋਂ ਚਾਲੀ ਕਰੋੜ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਸੀ ਜੋ ਕਿ ਸ਼ਰੋਮਣੀ ਕਮੇਟੀ ਕੋਲ ਜਾਂਦੀ ਸੀ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਗਪਗ 500 ਮੁਲਾਜ਼ਮ ਇਹਨਾਂ ਧਾਰਮਿਕ ਸੰਸਥਾਨਾਂ ਵਿਚ ਕੰਮ ਕਰ ਰਹੇ ਹਨ। ਹਜਾਰਾਂ ਏਕੜ ਜਮੀਨ ਇਹਨਾਂ ਗੁਰੂ ਘਰਾਂ ਨਾਲ ਹੈ ਜਿਸਤੋਂ ਇਹਨਾਂ ਨੂੰ ਆਮਦਨ ਹੁੰਦੀ ਹੈ। 48 ਸਾਲ ਬਾਅਦ ਹਰਿਆਣਾ ਦੇ 20 ਲੱਖ ਸਿੱਖਾਂ ਨੂੰ ਇਨਸਾਫ ਮਿਲਣ ਜਾ ਰਿਹਾ ਹੈ। ਹਰਿਆਣਾ ਦੇ ਸਿੱਖਾਂ ਦੀ ਚਿਰੋਕਣੀ ਮੰਗ ਲਟਕਦੀ ਆ ਰਹੀ ਸੀ ਪਿਛਲੇ ਅਠਾਰਾਂ ਸਾਲਾਂ ਤੋਂ ਹਰਿਆਣਾ ਵਿਚ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਵੇਖ ਭਾਲ ਲਈ ਹਰਿਆਣਾ ਦੇ ਸਿੱਖਾਂ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਜਾਣ ਲਈ ਜਦੋਜਹਿਦ ਚਲਦੀ ਰਹੀ ਸੀ ਜਿਵੇਂ ਦਿੱਲੀ ਪਟਨਾ ਸਾਹਿਬ ਅਤੇ ਨਾਦੇੜ ਸਾਹਿਬ ਵਿਖੇ ਬਣੀਆਂ ਹੋਈਆਂ ਹਨ ਪ੍ਰੰਤੂ ਪੰਜਾਬ ਵਿਚ ਰਾਜ ਕਰ ਰਹੀ ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣੇ ਵਿਚੋਂ ਆਪਣੀ ਸਰਦਾਰੀ ਛੱਡਣ ਲਈ ਤਿਆਰ ਨਹੀਂ ਸੀ ਜਿਸ ਕਰਕੇ ਇਹ ਰੇੜਕਾ ਖ਼ਤਮ ਹੋਣ ਦਾ ਨਾਂ ਹੀ ਨਹੀਂ ਸੀ ਲੈਂਦਾ। ਹਰਿਆਣਾ ਵਿਚ ਹਰ ਵਾਰੀ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਹਰਿਆਣਾ ਵਿਚ ਵੱਸ ਰਹੇ ਸਿੱਖਾਂ ਦੀ ਵੱਖਰੀ ਸ਼ਰੋਮਣੀ ਪ੍ਰਬੰਧਕ ਕਮੇਟੀ ਦੀ ਮੰਗ ਦਾ ਮੁੱਦਾ ਉਛਾਲਕੇ ਆਪਣੀ ਪਾਰਟੀ ਨਾਲ ਜੋੜਨ ਦੀ ਕੋਸਿਸ਼ ਕਰਦੀ ਰਹੀ ਹੈ। ਉਹ ਹਮੇਸ਼ਾ ਲੰਮੇ ਚੌੜੇ ਵਾਅਦੇ ਕਰਦੇ ਸਨ ਕਿ ਇਸ ਵਾਰ ਜੇ ਚੋਣ ਜਿੱਤ ਗਏ ਤਾਂ ਹਰ ਹਾਲਤ ਵਿਚ ਉਹਨਾਂ ਦੀ ਇਹ ਮੰਗ ਪੂਰੀ ਕਰ ਦਿੱਤੀ ਜਾਵੇਗੀ ਪ੍ਰੰਤੂ ਪੰਚਾਇਤ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ ਕਿਉਂਕਿ ਉਹਨਾਂ ਦਾ ਮੰਤਵ ਤਾਂ ਸਿਆਸੀ ਹੁੰਦਾ ਸੀ। ਸਿਆਸੀ ਲੋਕ ਹਮੇਸ਼ਾ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਰਹਿੰਦੇ ਹਨ। ਹਰਿਆਣਾ ਦੀਆਂ 2004 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਹ ਹੀ ਵਾਅਦਾ ਕਾਂਗਰਸ ਪਾਰਟੀ ਨੇ ਕੀਤਾ ਸੀ। ਪੰਜ ਸਾਲ ਉਹਨਾਂ ਕੋਈ ਕਦਮ ਨਹੀਂ ਚੁੱਕਿਆ ਸਿਰਫ ਸਿੱਖਾਂ ਦੀਆਂ ਅੱਖਾਂ ਪੂੰਝਣ ਲਈ ਜਾਇਜਾ ਲੈਣ ਲਈ ਇੱਕ ਕਮੇਟੀ ਉਦੋਂ ਦੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ ਦੀ ਅਗਵਾਈ ਵਿਚ ਬਣਾ ਦਿੱਤੀ ਸੀ। ਸਗੋਂ 2009 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭੁਪਿੰਦਰ ਸਿੰਘ ਹੁੱਡਾ ਮੁੱਖ ਮੰਤਰੀ ਹਰਿਆਣਾ ਨੇ ਕਿਹਾ ਕਿ ਉਹ ਇਹ ਕਮੇਟੀ ਬਣਾਉਣਗੇ ਪ੍ਰੰਤੂ ਫਿਰ ਵੀ ਕੁਝ ਨਹੀਂ ਕੀਤਾ ਅਤੇ ਕਿਹਾ ਕਿ ਇਸ ਵਾਰ ਚੋਣ ਜਿੱਤਣ ਤੋਂ ਬਾਅਦ ਹਰ ਹਾਲਤ ਵਿਚ ਇਹ ਕਮੇਟੀ ਬਣੇਗੀ।

ਪੂਰੇ ਸਾਢੇ ਨੌਂ ਸਾਲ ਰਾਜ ਕਰਨ ਤੋਂ ਬਾਅਦ ਹੁਣ ਜਦੋਂ ਅਕਤੂਬਰ 2014 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਗਈਆਂ ਹਨ ਤਾਂ ਇਹ ਕਮੇਟੀ ਬਣਾਈ ਜਾ ਰਹੀ ਹੈ। ਜੇ ਹੁੱਡਾ ਸਰਕਾਰ ਪਹਿਲਾਂ ਚਾਹੁੰਦੀ ਤਾਂ ਉਹ ਇਹ ਕਮੇਟੀ ਬਣਾ ਸਕਦੀ ਸੀ ਕਿਉਂਕਿ ਇਸ ਕਮੇਟੀ ਦੀ ਸਥਾਪਨਾ ਲਈ ਪੰਜਾਬ ਰੀਆਰਗੇਨਾਈਜੇਸਨ ਐਕਟ ਦੀ ਉਪ ਧਾਰਾ 72 ਅਧੀਨ ਉਹ ਇਹ ਕਮੇਟੀ ਬਣਾਉਣ ਦੇ ਸਮਰੱਥ ਸੀ। ਅਸਲ ਵਿਚ ਇਹ ਹੁੱਡਾ ਦੀ ਸਿਆਸੀ ਤਿਗੜਮਬਾਜ਼ੀ ਹੈ। ਭਾਵੇਂ ਅਜੇ ਵੀ ਕਾਨੂੰਨਦਾਨਾਂ ਦੀਆਂ ਦੋ ਰਾਵਾਂ ਹਨ । ਇੱਕ ਧੜਾ ਕਹਿ ਰਿਹਾ ਹੈ ਕਿ ਕੇਂਦਰ ਸਰਕਾਰ ਦੀ ਪ੍ਰਵਾਨਗੀ ਦੀ ਜਰੂਰਤ ਹੈ ਪ੍ਰੰਤੂ ਦੂਜਾ ਧੜਾ ਹੁਣ ਇਹ ਵੀ ਕਹਿ ਰਿਹਾ ਹੈ ਕਿ ਕੇਂਦਰ ਦੀ ਪ੍ਰਵਾਨਗੀ ਦੀ ਲੋੜ ਹੀ ਨਹੀਂ। ਸੁਪਰੀਮ ਕੋਰਟ ਦੇ ਵਕੀਲ ਐਚ ਐਸ ਫੂਲਕਾ ਵੀ ਇਹੋ ਕਹਿੰਦੇ ਹਨ ਕਿ 1966 ਵਿਚ ਪੰਜਾਬ ਦੀ ਵੰਡ ਹੋਣ ਤੋਂ ਬਾਅਦ ਹਰਿਆਣਾ ਕਿਉਂਕਿ ਪੰਜਾਬ ਵਿਚੋਂ ਹੀ ਬਣਿਆਂ ਹੈ ਇਸ ਲਈ ਹਰਿਆਣਾ ਸਰਕਾਰ ਹਰਿਆਣਾ ਲਈ ਵੱਖਰੀ ਕਮੇਟੀ ਬਣਾਉਣਾ ਜਾਇਜ ਹੈ। ਅਕਾਲੀ ਦਲ ਅਤੇ ਪੰਜਾਬ ਦੇ ਮੁੱਖ ਮੰਤਰੀ ਵੀ ਬੜੇ ਅਜੀਬ ਕਿਸਮ ਦੇ ਸਵੈ ਵਿਰੋਧੀ ਬਿਆਨ ਦੇ ਰਹੇ ਹਨ ਕਿਉਂਕਿ ਉਹ ਵੀ ਹੁੱਡਾ ਦੇ ਐਲਾਨ ਦਾ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ। ਉਹਨਾ ਨੇ 1971 ਵਿਚ ਸੰਤ ਫ਼ਤਿਹ ਸਿੰਘ ਦੀ ਅਗਵਾਈ ਵਿਚ ਦਿੱਲੀ ਵਿਖੇ ਦਿੱਲੀ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਅੰਦੋਲਨ ਵਿਚ ਹਿੱਸਾ ਹੀ ਨਹੀਂ ਲਿਆ ਸੀ ਸਗੋਂ ਤਿਹਾੜ ਜੇਲ੍ਹ ਦੀ ਹਵਾ ਵੀ ਖਾਧੀ ਸੀ। ਪਰਕਾਸ ਸਿੰਘ ਬਾਦਲ ਨੂੰ ਹੁਣ ਸੋਚਣਾ ਚਾਹੀਦਾ ਹੈ ਕਿ ਜਾਂ ਤਾਂ ਉਹ ਉਦੋਂ ਗ਼ਲਤ ਸੀ ਜਾਂ ਹੁਣ ਗ਼ਲਤ ਹਨ। ਸਿਆਸੀ ਵਿਅਕਤੀਆਂ ਨੂੰ ਦਲੀਲ ਨਾਲ ਬਿਆਨ ਦੇਣੇ ਚਾਹੀਦੇ ਹਨ। ਅਸਲ ਵਿਚ ਹਰਿਆਣੇ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਪਰਕਾਸ ਸਿੰਘ ਬਾਦਲ ਦੋਵੇਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਕੇ ਸਿਆਸਤ ਕਰ ਰਹੇ ਹਨ। ਜਦੋਂ 1925 ਦਾ ਗੁਰਦੁਆਰਾ ਐਕਟ ਬਣਿਆਂ ਸੀ ਉਦੋਂ ਵੀ ਸਿੱਖਾਂ ਨੂੰ ਬੜੀ ਲੰਮੀ ਜੱਦੋਜਹਿਦ ਤੇ ਅੰਦੋਲਨ ਕਰਨਾ ਪਿਆ ਸੀ। ਇਸ ਲਈ ਹੁਣ ਅਕਾਲੀ ਦਲ ਨੂੰ ਹਰਿਆਣਾ ਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਉਹ ਆਪਣੇ ਰਾਜ ਵਿਚ ਖੁਦ ਆਪਣੇ ਗੁਰਦੁਆਰਾ ਸਾਹਿਬਾਨ ਦੀ ਸਾਂਭ ਸੰਭਾਲ ਕਰ ਸਕਣ ਜਿਵੇਂ ਪੰਜਾਬ ਵਿਚ ਪੰਜਾਬੀ ਸਿੱਖ ਕਰ ਰਹੇ ਹਨ। ਹਰਿਆਣਾ ਦੇ ਸਿੱਖਾਂ ਦੇ ਨੇਤਾ ਜਗਦੀਸ ਸਿੰਘ ਝੀਂਡਾ ਅਤੇ ਦੀਦਾਰ ਸਿੰਘ ਨਲਵੀ ਜੋ ਕਿ ਬੜੀ ਦੇਰ ਤੋਂ ਇਹ ਵੱਖਰੀ ਕਮੇਟੀ ਲਈ ਜੱਦੋਜਹਿਦ ਕਰ ਰਹੇ ਸਨ ਦੀ ਇੱਕ ਵਾਜਬ ਦਲੀਲ ਇਹ ਵੀ ਹੈ ਕਿ ਉਹਨਾਂ ਦੇ ਗੁਰਦੁਆਰਾ ਸਾਹਿਬਾਨ ਦੀ ਚਾਲੀ ਕਰੋੜ ਰੁਪਏ ਦੀ ਸਾਲਾਨਾ ਆਮਦਨ ਹਰਿਆਣਾ ਵਿਚ ਹੀ ਖ਼ਰਚ ਹੋਣੀ ਚਾਹੀਦੀ ਹੈ ਤਾਂ ਜੋ ਹਰਿਆਣਾ ਰਾਜ ਦੇ ਸਿੱਖਾਂ ਦੀ ਨੌਜਵਾਨ ਪੀੜ੍ਹੀ ਨੂੰ ਸਿੱਖੀ ਸੋਚ ਨਾਲ ਜੋੜਿਆ ਜਾ ਸਕੇ ਅਤੇ ਇਸ ਆਮਦਨ ਨਾਲ ਹਰਿਆਣਾ ਵਿਚ ਸਿੱਖੀ ਨਾਲ ਸੰਬੰਧਤ ਵਿਦਿਅਕ ਸੰਸਥਾਵਾਂ ਖੋਲ੍ਹੀਆਂ ਜਾਣ। ਉਹਨਾਂ ਦੇ ਰਾਜ ਦੀ ਆਮਦਨ ਪੰਜਾਬ ਵਿਚ ਕਿਉਂ ਖ਼ਰਚੀ ਜਾ ਰਹੀ ਹੈ। ਹਰਿਆਣਾ ਵਿਚ ਸਵਰਗਵਾਸੀ ਜਥੇਦਾਰ ਕਰਤਾਰ ਸਿੰਘ ਟੱਕਰ ਦੀਆਂ ਕੋਸਿਸ਼ਾਂ ਸਦਕਾ ਸ਼ਾਹਬਾਦ ਵਿਖੇ ਇੱਕ ਮੀਰੀ ਪੀਰੀ ਦਾ ਮੈਡੀਕਲ ਕਾਲਜ ਅਤੇ ਹਸਪਤਾਲ ਸਥਾਪਤ ਕੀਤਾ ਸੀ ਅਜੇ ਤੱਕ ਉਹ ਪੂਰੀ ਤਰ੍ਹਾਂ ਵਿਕਸਤ ਨਹੀਂ ਹੋ ਸਕਿਆ। ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਕੁਰੂਕਸ਼ੇਤਰ ਕੋਲ ਬਣਾਇਆ ਸੀ ਇਸ ਤੋਂ ਇਲਾਵਾ ਹਰਿਆਣਾ ਵਿਚ ਕੋਈ ਬਹੁਤਾ ਕੰਮ ਨਹੀਂ ਹੋਇਆ। ਜਿਸ ਕਰਕੇ ਹਰਿਆਣਾ ਦੇ ਸਿੱਖ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਜ਼ਰੂਰਤ ਮਹਿਸੂਸ ਕਰ ਰਹੇ ਸਨ। ਜਿਹੜੀਆਂ ਸੰਗਤਾਂ ਪਾਕਿਸਥਾਨ ਸਥਿਤ ਗੁਰੂ ਘਰਾਂ ਦੇ ਦਰਸਨਾ ਲਈ ਜਾਂਦੀਆਂ ਹਨ ਉਹਨਾਂ ਨੂੰ ਪਤਾ ਹੈ ਕਿ ਅਪ੍ਰੈਲ 1999 ਤੋਂ ਪਾਕਿਸਤਾਨ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਪਹਿਲਾਂ ਉਥੇ ਕਿੰਨਾ ਬੁਰਾ ਹਾਲ ਸੀ ਤੇ ਹੁਣ ਪ੍ਰਬੰਧ ਵਿਚ ਕਿਤਨਾ ਸੁਧਾਰ ਹੋਇਆ ਹੈ। ਜੇ ਪਾਕਿਸਤਾਨ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਸਕਦੀ ਹੈ ਤਾਂ ਹਰਿਆਣਾ ਵਿਚ ਕਿਉਂ ਨਹੀਂ। ਹੁਣ ਹਰਿਆਣਾ ਵਿਚ ਉਥੋਂ ਦੇ ਸਿੱਖਾਂ ਦਾ ਪ੍ਰਬੰਧ ਹੋਵੇਗਾ ਅਤੇ ਹਰਿਆਣਾ ਦੇ ਗੁਰਦੁਆਰਾ ਸਾਹਿਬਾਨ ਦਾ ਚੜ੍ਹਾਵਾ ਪੰਜਾਬ ਵਿਚ ਨਹੀਂ ਸਗੋਂ ਹਰਿਆਣਾ ਵਿਚ ਖ਼ਰਚਿਆ ਜਾਵੇਗਾ ਅਤੇ ਉਥੇ ਸ਼ਰਧਾਲੂਆਂ ਲਈ ਵਧੇਰੇ ਚੰਗੀਆਂ ਸਹੂਲਤਾਂ ਉਪਲਬਧ ਹੋਣਗੀਆਂ। ਪੰਜਾਬ ਦੇ ਸਿੱਖਾਂ ਨੂੰ ਹਰਿਆਣਾ ਦੇ ਸਿੱਖਾਂ ਦੀ ਖ਼ੁਦਮੁਖਤਿਆਰੀ ਵਿਚ ਦਖਲ ਨਹੀਂ ਦੇਣਾ ਚਾਹੀਦਾ। ਸ਼ਰਮੋਣੀ ਅਕਾਲੀ ਦਲ ਨੂੰ ਸਿੱਖਾਂ ਦੀ ਸਰਵੋਤਮ ਸੰਸਥਾ ਸ੍ਰੀ ਅਕਾਲ ਤੱਖ਼ਤ ਸਾਹਿਬ ਨੂੰ ਸਿਆਸਤ ਵਿਚ ਨਹੀਂ ਲਪੇਟਣਾ ਚਾਹੀਦਾ ਸੀ। ਅਕਾਲ ਤੱਖ਼ਤ ਦੀ ਧਾਰਮਿਕ ਪਵਿਤਤਰਾ ਬਰਕਰਾਰ ਰਹਿਣੀ ਚਾਹੀਦੀ ਹੈ। ਸਿਆਸੀ ਮਸਲੇ ਸਿਆਸਤਦਾਨਾਂ ਨੂੰ ਨਬੇੜਨੇ ਚਾਹੀਦੇ ਹਨ। ਜਥੇਦਾਰ ਸਾਹਿਬਾਨ ਨੂੰ ਅਕਾਲੀ ਫੂਲਾ ਸਿੰਘ ਵਰਗੇ ਜਥੇਦਾਰ ਨੂੰ ਆਪਣਾ ਰੋਲ ਮਾਡਲ ਬਣਾਉਣਾ ਚਾਹੀਦਾ ਹੈ ਜਿਹੜਾ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਸਜਾ ਦੇਣ ਦੇ ਸਮਰੱਥ ਸੀ। ਜਿਸਨੂੰ ਪ੍ਰਭਾਵਤ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਅਕਾਲੀ ਦਲ ਨੂੰ ਸੋਚਣਾ ਚਾਹੀਦਾ ਹੈ ਜੋ ਕੁਝ ਉਹ ਕਰ ਰਹੇ ਹਨ ਜਾਂ ਅਕਾਲ ਤੱਖਤ ਤੋਂ ਹੋ ਰਿਹਾ ਹੈ ਇਹ ਸਾਰਾ ਕੁਝ ਇਤਿਹਾਸ ਦਾ ਹਿੱਸਾ ਬਣ ਰਿਹਾ ਹੈ। ਅਕਾਲ ਤੱਖਤ ਦੇ ਜਥੇਦਾਰ ਦੀ ਨਿਯੁਕਤੀ ਹੀ ਸਰਬੱਤ ਖਾਲਸਾ ਦੁਆਰਾ ਹੋਣੀ ਚਾਹੀਦੀ ਹੈ। ਜੱਥੇਦਾਰ ਦੀ ਤਨਖ਼ਾਹ ਜਦੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਵੇਗੀ ਤਾਂ ਉਸਦੀ ਦਖ਼ਲਅੰਦਾਜੀ ਕੁਦਰਤੀ ਹੈ। ਅਕਾਲ ਤੱਖ਼ਤ ਦਾ ਜਥੇਦਾਰ ਕਿਸੇ ਇੱਕ ਪਾਰਟੀ ਦਾ ਨੁਮਾਇੰਦਾ ਨਹੀਂ ਹੁੰਦਾ ਸਗੋਂ ਉਹ ਤਾਂ ਸਮੂਹ ਸਿਆਸੀ ਪਾਰਟੀਆਂ ਦੀ ਸਿੱਖ ਸੰਗਤ ਦਾ ਸਾਂਝਾ ਰਹਿਬਰ ਹੁੰਦਾ ਹੈ। ਉਹ ਪਾਰਟੀ ਪੱਧਰ ਤੋਂ ਉਚਾ ਹੁੰਦਾ ਹੈ। ਇਥੇ ਇੱਕ ਹੋਰ ਗੱਲ ਵਿਚਾਰਨਯੋਗ ਹੈ ਕਿ ਸ਼ਰਮੋਣੀ ਕਮੇਟੀ ਦੇ ਮੈਂਬਰ ਸਿਆਸਤਦਾਨ ਨਹੀਂ ਸਗੋਂ ਸਿਰਫ ਤੇ ਸਿਰਫ ਧਾਰਮਿਕ ਵਿਅਕਤੀ ਹੋਣੇ ਚਾਹੀਦੇ ਹਨ।

ਕਿਸੇ ਵੀ ਸਿਆਸੀ ਪਾਰਟੀ ਦੇ ਚੋਣ ਨਿਸ਼ਾਨ ਤੇ ਚੋਣ ਨਹੀਂ ਹੋਣੀ ਚਾਹੀਦੀ ਹੈ। ਜਿੰਨਾ ਚਿਰ ਸ਼ਰੋਮਣੀ ਕਮੇਟੀ ਦੇ ਕਾਨੂੰਨਾਂ ਵਿਚ ਵੱਡੇ ਪੱਧਰ ਤੇ ਸੁਧਾਰ ਨਹੀਂ ਕੀਤੇ ਜਾਂਦੇ ਉਤਨੀ ਦੇਰ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵਿਚ ਨਿਘਾਰ ਅਤੇ ਪਤਿਤਪੁਣੇ ਨੂੰ ਆਉਣੋਂ ਰੋਕਿਆ ਨਹੀਂ ਜਾ ਸਕਦਾ। ਰਾਜਸਥਾਨ ਵਿਚ ਵੀ ਪੰਦਰਾਂ ਲੱਖ ਸਿੱਖ ਵਸਦੇ ਹਨ। ਰਾਜਸਥਾਨ ਐਡਹਾਕ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਅਨੁਸਾਰ ਉਥੇ 200 ਗੁਰਦੁਆਰਾ ਸਾਹਿਬਾਨ ਹਨ ਇਸ ਲਈ ਰਾਜਸਥਾਨ ਵਿਚ ਵੀ ਉਹਨਾਂ ਨੂੰ ਖ਼ੁਦਮੁਖਤਾਰੀ ਮਿਲਣੀ ਚਾਹੀਦੀ ਹੈ। ਇੱਕ ਪਾਸੇ ਤਾਂ ਅਕਾਲੀ ਦਲ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਕਰਕੇ ਖ਼ੁਦਮੁਖਤਿਆਰੀ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਹਰਿਆਣਾ ਦੇ ਸਿੱਖਾਂ ਦੇ ਅਧਿਕਾਰਾਂ ਉਪਰ ਆਪਣਾ ਕਬਜਾ ਰੱਖਣਾ ਚਾਹੁੰਦਾ ਹੈ। ਇਹ ਦੋਹਰੀ ਰਾਜਨੀਤੀ ਕਰ ਰਿਹਾ ਹੈ। ਗੁਰਦੁਆਰਾ ਚੋਣ ਕਮਿਸਨ ਦੇ ਚੀਫ ਕਮਿਸਨਰ ਜਸਟਿਸ ਹਰਬੰਸ ਸਿੰਘ ਨੂੰ ਕੇਂਦਰ ਸਰਕਾਰ ਨੇ ਸਮੁਚੇ ਦੇਸ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਸੰਬੰਧੀ ਇੱਕ ਸੰਗਠਤ ਤਜਵੀਜ ਦੇਣ ਲਈ ਕਿਹਾ ਸੀ ਤਾਂ ਜੋ ਬਾਕੀ ਰਾਜਾਂ ਵਿਚੋਂ ਵੀ ਅਜਿਹੇ ਰੇੜਕੇ ਖਤਮ ਕਰ ਦਿੱਤੇ ਜਾਣ ਤੇ ਸਮੁਚੇ ਦੇਸ ਲਈ ਇੱਕ ਕਾਨੂੰਨ ਬਣਾਇਆ ਜਾ ਸਕੇ ਉਸਨੇ ਆਪਣੀ ਤਜਵੀਜ ਬਣਾਕੇ ਕੇਂਦਰ ਸਰਕਾਰ ਨੂੰ ਭੇਜੀ ਸੀ। ਕੇਂਦਰ ਸਰਕਾਰ ਨੇ 1999 ਵਿਚ ਉਹ ਕਾਨੂੰਨ ਦਾ ਖਰੜਾ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਵਾਨ ਕਰਨ ਹਿਤ ਭੇਜਿਆ ਸੀ ਪ੍ਰੰਤੂ ਅਜੇ ਤੱਕ ਕਮੇਟੀ ਆਪਣੇ ਕੋਲ ਰੱਖੀ ਬੈਠੀ ਹੈ। ਅਜਿਹੀ ਤਜਵੀਜ 1954 ਵਿਚ ਅਜੀਤ ਸਿੰਘ ਸਰਹੱਦੀ ਨੇ ਵੀ ਬਣਾ ਕੇ ਦਿੱਤੀ ਸੀ ਪ੍ਰੰਤੂ ਅਕਾਲੀ ਦਲ ਆਪਣੀ ਰਾਜਸੀ ਤਾਕਤ ਘੱਟਣ ਨਹੀਂ ਦੇਣਾ ਚਾਹੁੰਦਾ। ਆਪਣੀ ਪੀੜ੍ਹੀ ਹੇਠ ਤਾਂ ਸੋਟਾ ਨਹੀਂ ਫੇਰਦੇ ਕਾਂਗਰਸ ਪਾਰਟੀ ਨੂੰ ਕੋਸਣ ਤੇ ਜੋਰ ਦਿੱਤਾ ਜਾ ਰਿਹਾ ਹੈ।

ਅਜੇ ਵੀ ਸਿੱਖ ਵਿਦਵਾਨਾਂ ਨੂੰ ਆਪਣੀ ਹਉਮੈਂ ਨੂੰ ਗਲੋਂ ਲਾਹਕੇ ਗਿਲੇ ਸ਼ਿਕਵੇ ਭੁਲਾਕੇ ਨਿੱਜੀ ਮੁਫਾਦਾਂ ਤੋਂ ਉਪਰ ਉਠਕੇ ਮਿਲ ਬੈਠਕੇ ਸੋਚਣਾ ਹੋਵੇਗਾ ਜੇ ਉਹ ਸਿੱਖੀ ਦਾ ਸਹੀ ਅਰਥਾਂ ਵਿਚ ਪ੍ਰਚਾਰ ਤੇ ਪਾਸਾਰ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਅੰਤਹਕਰਨ ਦੀ ਆਵਾਜ ਨੂੰ ਸੁਣਨਾ ਹੋਵੇਗਾ। ਹਰਿਆਣਾ ਗੁਰਦੁਆਰਾ ਪ੍ਰਬੰਧਨ ਬਿਲ ਦੇ ਐਕਟ ਬਣਨ ਨਾਲ ਹਰਿਆਣਾ ਦੇ 52 ਗੁਰਦੁਆਰਾ ਸਾਹਿਬਾਨਾਂ ਦਾ ਪ੍ਰਬੰਧ ਉਹਨਾਂ ਅਧੀਨ ਆ ਜਾਵੇਗਾ। ਇਸਦੇ ਚੁਣੇ ਹੋਏ ਮੈਂਬਰ 9 ਮੈਂਬਰ ਹੋਰ ਕੋਆਪਟ ਕਰਨਗੇ ਜਿਨ੍ਹਾਂ ਵਿਚ ਦੋ ਸਿੱਖ ਇਸਤਰੀਆਂ ਤਿੰਨ ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਦੋ ਰਾਜ ਦੀਆਂ ਰਜਿਸਟਰਡ ਸਿੰਘ ਸਭਾਵਾਂ ਦੇ ਪ੍ਰਧਾਨਾ ਵਿਚੋਂ ਹੋਣਗੇ। ਇਸ ਪ੍ਰਕਾਰ ਹਾਊਸ ਦੇ ਕੁਲ ੪੯ ਮੈਂਬਰ ਹੋਣਗੇ। 18 ਸਾਲ ਦਾ ਅੰਮ੍ਰਿਤਧਾਰੀ ਸਿੱਖ ਵੋਟਰ ਬਣ ਸਕਦਾ ਹੈ 25 ਸਾਲ ਦਾ ਅੰਮ੍ਰਿਤਧਾਰੀ ਸਿੱਖ ਚੋਣ ਲੜ ਸਕਦਾ ਹੈ ਪ੍ਰੰਤੂ ਉਹ ਕਿਤੇ ਨੌਕਰੀ ਨਾ ਕਰਦਾ ਹੋਵੇ ਅਤੇ ਪੰਜਾਬੀ ਲਿਖਣਾ ਅਤੇ ਪੜ੍ਹਨਾ ਜਾਣਦਾ ਹੋਵੇ। ਅਹੁਦੇਦਾਰਾਂ ਸਣੇ 11 ਮੈਂਬਰੀ ਕਾਰਜਕਾਰਨੀ ਹੋਵੇਗੀ। 18 ਮਹੀਨੇ ਵਿਚ ਨਵੀਂ ਚੋਣ ਕਰਵਾਈ ਜਾਵੇਗੀ । ਹਰ ੫ ਸਾਲ ਬਾਅਦ ਚੋਣ ਹੋਵੇਗੀ। ਜਿੰਨੀ ਦੇਰ ਚੋਣ ਨਹੀਂ ਹੁੰਦੀ ਉਤਨੀ ਦੇਰ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਵੇਖਣ ਲਈ ਹਰਿਆਣਾ ਸਰਕਾਰ 41 ਮੈਂਬਰੀ ਕਮੇਟੀ ਨਾਮਜਦ ਕਰੇਗੀ। ਇੱਕ ਤਿੰਨ ਮੈਂਬਰੀ ਹਰਿਆਣਾ ਸਿੱਖ ਗੁਰਦੁਆਰਾ ਨਿਆਂ ਕਮਿਸਸ਼ਨ ਬਣਾਇਆ ਜਾਵੇਗਾ । ਕਾਰਜਕਾਰਨੀ ਹਰ ਮਹੀਨੇ ਅਤੇ ਜਨਰਲ ਹਾਊਸ ਦੀ ਮੀਟਿੰਗ ਸਾਲ ਵਿਚ ਇੱਕ ਵਾਰ ਹੋਵੇਗੀ। ਹਰ ਸਾਲ ਸਾਰੇ ਖਰਚਿਆਂ ਦਾ ਆਡਿਟ ਹੋਵੇਗਾ। ਕਮੇਟੀ ਦਾ ਮੁੱਖ ਦਫਤਰ ਕੁਰਕਸ਼ੇਤਰ-ਉਪ ਦਫਤਰ ਪੰਚਕੂਲਾ ਅਤੇ ਜੀਂਦ ਵਿਖੇ ਹੋਣਗੇ। ਹੁਣ ਸਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਐਲਾਨ ਕੀਤਾ ਹੈ ਕਿ ਉਹ ਹਰਿਆਣਾ ਲਈ ਇੱਕ ਸਬ ਕਮੇਟੀ ਬਣਾਉਣਗੇ ਜਦੋਂ ਇਸ ਸਬ ਕਮੇਟੀ ਦੀ ਮੰਗ ਕੀਤੀ ਜਾ ਰਹੀ ਸੀ ਉਦੋਂ ਬਣਾਈ ਨਹੀਂ ਜਦੋਂ ਹਰਿਆਣਾ ਲਈ ਵੱਖਰੀ ਐਸ ਜੀ ਪੀ ਸੀ ਬਣ ਗਈ ਤਾਂ ਇਸ ਕਮੇਟੀ ਦਾ ਕੀ ਲਾਭ ਹੋਵੇਗਾ।



*# ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ*
*ਹੁਣ ਅਮਰੀਕਾ ਫੋਨ ਨੰ 309-278-1162*

# ਮੋਦੀ ਨੂੰ ਮਿਲਿਆ ਅਮਰੀਕਾ ਆਉਣ ਦਾ ਸੱਦਾ

ਨਵੀਂ ਦਿੱਲੀ- ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਤੰਬਰ ਵਿਚ ਵਾਸ਼ਿੰਗਟਨ ਆਉਣ ਦਾ ਸੱਦਾ ਦਿੱਤਾ ਹੈ ਅਤੇ ਦੋਹਾਂ ਦੇਸ਼ਾਂ ਦੇ ਦੋ-ਪੱਖੀ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ। ਭਾਰਤ ਦੀ ਯਾਤਰਾ ’ਤੇ ਆਏ ਅਮਰੀਕਾ ਦੇ ਵਿਦੇਸ਼ ਉਪ ਮੰਤਰੀ ਵਿਲੀਅਮ ਬਨਰਸ ਨੇ ਸ਼ੁੱਕਰਵਾਰ ਨੂੰ ਇੱਥੇ ਮੋਦੀ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਓਬਾਮਾ ਦਾ ਸੱਦਾ ਪੱਤਰ ਸੌਂਪਿਆ।

ਇਸ ’ਚ ਓਬਾਮਾ ਨੇ ਭਾਰਤ-ਅਮਰੀਕੀ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਮੋਦੀ ਨਾਲ ਮਿਲ ਕੇ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ।

Phone :
510 709 5099
Fax:
510 441 9330
Email:
Sangramsystems@gmail.com
NOW
at SANGRAMS PALACE
Computer Repair
any brand, any problem



30063 Industrial Parkway S. W. Union City, CA-94587
(between FOODMAXX and HOME DEPOT)

# ਅਮਰੀਕਾ ’ਚ ਰਹਿ ਰਹੇ ਕੱਚੇ ਭਾਰਤੀਆਂ ਲਈ ਖ਼ੁਸ਼ਖਬਰੀ

ਨਿਊਯਾਰਕ—ਅਮਰੀਕਾ ਵਿਚ ਰਹਿ ਰਹੇ ਕੱਚੇ ਭਾਰਤੀਆਂ ਸਮੇਤ 1.1 ਕਰੋੜ ਨਜਾਇਜ਼ ਪਰਵਾਸੀਆਂ ਲਈ ਖ਼ੁਸ਼ਖਬਰੀ ਹੈ। ਅਮਰੀਕਾ ਨੇ ਇਮੀਗ੍ਰੇਸ਼ਨ ਸੁਧਾਰਾਂ ’ਤੇ ਸੰਘੀ ਪੱਧਰ ’ਤੇ ਜਾਰੀ ਅੜਿੱਕੇ ਦੇ ਬਾਵਜੂਦ ਇਨ੍ਹਾਂ ਨਜਾਇਜ਼ ਪਰਵਾਸੀਆਂ ਸਮੇਤ ਸਾਰੇ ਨਾਗਰਿਕਾਂ ਨੂੰ ਨਿਗਮ ਪਛਾਣ ਪੱਤਰ ਮੁੱਹਈਆ ਕਰਵਾਉਣ ਦਾ ਐਲਾਨ ਕੀਤਾ ਹੈ।

ਪਰਵਾਸੀ ਰਿਹਾਇਸ਼ ਸਥਿਤੀ ’ਤੇ ਵਿਚਾਰ ਕੀਤੇ ਬਗੈਰ ਨਿਊਯਾਰਕ ਦੇ ਪੰਜ ਖੇਤਰਾਂ ਦੇ ਸਾਰੇ ਨਾਗਰਿਕਾਂ ਨੂੰ ਪਛਾਣ ਪੱਤਰ ਦਿੱਤੇ ਜਾਣਗੇ। ਸ਼ਹਿਰ ਪ੍ਰਸ਼ਾਸਨ ਪ੍ਰੋਗਰਾਮ ਲਾਗੂ ਕਰਨ ਦੇ ਲਈ ਛੇਤੀ ਹੀ ਕੰਮ ਸ਼ੁਰੂ ਕਰੇਗਾ ਅਤੇ ਸਾਲ 2015 ਤੱਕ ਨਵਾਂ ਪਛਾਣ ਪੱਤਰ ਪੇਸ਼ ਕੀਤੇ ਜਾਣ ਦਾ ਟੀਚਾ ਤੈਅ ਕੀਤਾ ਗਿਆ ਹੈ।

ਪ੍ਰੋਗਰਾਮ ਦੇ ਪਹਿਲੇ ਸਾਲ ਦੌਰਾਨ ਐਪਲੀਕੈਂਟਾਂ ਨੂੰ ਬਿਨਾਂ ਕਿਸੇ ਫੀਸ ਦੇ ਪਛਾਣ ਪੱਤਰ ਜਾਰੀ ਕੀਤੇ ਜਾਣਗੇ।

ਮੇਅਰ ਬਿਲ ਡੇਅ ਬਲਾਸੀਓ ਨੇ ਕਿਹਾ ਕਿ ਉਹ ਅਜਿਹੇ ਸ਼ਹਿਰ ਨੂੰ ਸਵੀਕਾਰ ਨਹੀਂ ਕਰ ਸਕਦੇ, ਜਿੱਥੇ ਲੋਕ ਡਰ ਵਿਚ ਆਪਣੀ ਜ਼ਿੰਦਗੀ ਗੁਜ਼ਾਰਨ, ਆਪਣੇ ਬੱਚਿਆਂ ਦੇ ਸਕੂਲਾਂ ਵਿਚ ਨਾ ਜਾ ਸਕਣ, ਇੱਥੋਂ ਤੱਕ ਕਿ ਕਿਤੇ ਆਪਣੇ ਹਸਤਾਖਰ ਤੱਕ ਨਾ ਕਰ ਸਕਣ।

# ਅਮਰੀਕਨ ਯੂਨੀਵਰਸਿਟੀ ਦੀ ਸੀ.ਈ.ਓ. ਬਣੀ ਭਾਰਤੀ



ਵਾਸ਼ਿੰਗਟਨ—ਆਈ. ਟੀ. ਮਾਹਰ ਭਾਰਤੀ-ਅਮਰੀਕੀ ਵਿਜੀ ਮੂਰਲੀ ਨੂੰ ਅਮਰੀਕਾ ਦੀ ਇਕ ਨਾਮੀ ਯੂਨੀਵਰਸਿਟੀ ਵਿਚ ਮੁੱਖ ਸੂਚਨਾ ਅਧਿਕਾਰੀ ਅਤੇ ਸੂਚਨਾ ਅਤੇ ਤਕਨੀਕੀ ਸਿੱਖਿਆ ਵਿਭਾਗ ਦੀ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਮੂਰਲੀ ਦੀ ਨਿਯੁਕਤੀ ਦੀ ਘੋਸ਼ਣਾ ਕਰਦੇ ਹੋਏ ਚੇਅਰਮੈਨ ਲਿੰਡਾ ਪੀ. ਬੀ. ਕਟੇਹੀ ਨੇ ਕਿਹਾ ਕਿ ਉਨ੍ਹਾਂ ਦੇ ਅਨੁਭਵ ਅਤੇ ਟਰੇਨਿੰਗ ਦੇ ਕਾਰਨ ਕੈਲੀਫੋਰਨੀਆ ਡੇਵਿਸ ਯੂਨੀਵਰਸਿਟੀ, ਉਨ੍ਹਾਂ ਦੀ ਨਿਯੁਕਤੀ ਨੂੰ ਆਪਣਾ ਸੌਭਾਗ ਮੰਨਦਾ ਹੈ। ਉਹ ਆਪਣੇ ਖੇਤਰ ਦੀ ਦਿੱਗਜ਼ ਹੈ ਅਤੇ ਸਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਉਨ੍ਹਾਂ ਦੀ ਕੋਸ਼ਿਸ਼ ਕਾਫੀ ਮਹੱਤਵਪੂਰਨ ਹੋਵੇਗੀ।

ਮੂਰਲੀ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਤੋਂ ਯੂਸੀ ਡੇਵਿਸ ਆਈ ਹੈ, ਜਿੱਥੇ ਉਹ 2007 ਤੋਂ ਕੰਮ ਕਰ ਰਹੀ ਸੀ। ਉੱਥੇ ਉਹ ਸੂਚਨਾ ਸੇਵਾਵਾਂ ਦੇ ਲਈ ਉਪ ਮੁਖੀ ਅਤੇ ਡਬਲਿਊ. ਐੱਸ. ਯੂ. ਵਿਵਸਥਾ ਦੇ ਲਈ ਸੀ. ਆਈ. ਓ. ਦੇ ਰੂਪ ਵਿਚ ਕੰਮ ਕਰ ਚੁੱਕੀ ਹੈ। ਉਨ੍ਹਾਂ ਨੇ ਪੀਟ ਸੀਗਲ ਦਾ ਸਥਾਨ ਲਿਆ ਹੈ, ਜਿਨ੍ਹਾਂ ਨੇ ਇਕ ਸਾਲ ਪਹਿਲਾਂ ਯੂਸੀ ਡੇਵਿਸ ਨੂੰ ਛੱਡ ਦਿੱਤਾ ਸੀ। ਇਸ ਦੌਰਾਨ ਪ੍ਰੋਫੈਸਰ ਪ੍ਰਸ਼ਾਂਤ ਮਹਾਪਾਤਰਾ ਅੰਤਰਿਮ ਉਪ ਪ੍ਰਧਾਨ ਅਤੇ ਸੀ. ਆਈ. ਓ. ਦੇ ਤੌਰ ’ਤੇ ਆਪਣੀ ਸੇਵਾ ਦੇ ਰਹੇ ਸਨ। ਮੂਰਲੀ 18 ਅਗਸਤ ਨੂੰ ਆਪਣਾ ਅਹੁਦਾ ਸੰਭਾਲ ਲਵੇਗੀ।

# ਭਾਰਤ ਵਿਚ ਅਨਪੜ੍ਹਤਾ ਦਾ ਕਲੰਕ



ਅਮਰਜੀਤ ਚੰਦਰ
amarjitchander@yahoo.com

ਸਾਡਾ ਭਾਰਤ ਇਕੀਵੀ ਸਦੀ ਦਾ ਮਹਾਸ਼ਕਤੀ ਬਣਨ ਦਾ ਦਾਅਵਾ ਕਰ ਰਿਹਾ ਹੈ। ਸਾਡੇ ਭਾਰਤ ਦੇਸ਼ ਦੇ ਡਾਕਟਰ, ਇੰਜ਼ੀਨੀਅਰ ਅਤੇ ਕੰਪਿਊਟਰ ਮਾਹਰ ਆਪੋ ਆਪਣੇ ਗਿਆਨ ਦੀ ਡੁੱਗ-ਡੁੱਗੀ ਵਜ਼ਾ ਰਹੇ ਹਨ,ਅਤੇ ਦੂਸਰੇ ਪਾਸੇ ਸਾਡਾ ਇਹ ਦੇਸ਼ ਦੁਨੀਆ ਵਿਚ ਸੱਭ ਤੋਂ ਵੱਧ ਘੱਟ ਪੜ੍ਹੇ ਲਿਖੇ ਲੋਕਾਂ ਵਾਲਾ ਦੇਸ਼ ਬਣ ਕੇ ਰਹਿ ਗਿਆ ਹੈ। ਇਕ ਇਸ ਤਰਾਂ ਦਾ ਦੇਸ਼,ਜਿਸ ਦੇਸ਼ ਦੇ ਇਕ ਤਿਹਾਈ ਵਸਨੀਕ ਆਪਣੇ ਦਸਤਖਤ ਵੀ ਨਹੀ ਕਰਨਾ ਜਾਣਦੇ। ਉਸ ਦੇਸ਼ ਨੂੰ ਕਿਸ ਤਰਾਂ ਵਿਕਸਤ ਅਤੇ ਸਿਖਿਅਤ ਦੇਸ਼ ਕਿਹਾ ਜਾ ਸਕਦਾ ਹੈ?ਬਹੁਤ ਸਾਰੀਆਂ ਸਿਖਿਆ ਯੋਜਨਾਵਾਂ ਦੇਣ ਦੇ ਦਾਅਵੇ ਹੋਣ ਦੇ ਬਾਵਜੂਦ,ਸਾਡੇ ਦੇਸ਼ ਵਿਚੋ ਅਨਪੜ੍ਹਤਾ ਵਰਗੀ ਨਾਮੁਰਾਦ ਬੀਮਾਰੀ ਮਿਟਣ ਦਾ ਨਾਮ ਨਹੀ ਲੈ ਰਹੀ। ਸਾਡੇ ਦੇਸ਼ ਵਲੋਂ ਸਿਖਿਆ ਵਿਭਾਗ ਵਿਚ ਪਾਣੀ ਦੀ ਤਰਾਂ ਪੈਸਾ ਵਹਾਉਣ ਦੇ ਬਾਵਜੂਦ ਵੀ ਸਾਡਾ ਸਿਖਿਆ ਅਭਿਆਨ ਬੁਰੀ ਤਰਾਂ ਫੇਲ ਹੋ ਰਿਹਾ ਹੈ। ਇਹ ਨਾਕਾਮਯਾਬੀ ਸਾਡੇ ਭਾਰਤ ਦੇਸ਼ ਲਈ ਸਿਰਦਰਦੀ ਕਿਉਂ ਬਣੀ ਹੋਈ ਹੈ?ਇਕ ਪਾਸੇ ਸਾਡਾ ਭਾਰਤ ਆਪਣੇ ਦੇਸ਼ ਨੂੰ ਨੌਜਵਾਨਾ ਦਾ ਦੇਸ਼ ਹੋਣ ਦਾ ਦਾਅਵਾ ਕਰ ਰਿਹਾ ਹੈ।ਆਲ ਇੰਡੀਆ ਸਿੱਖਿਆ ਅਭਿਆਨ ਦੇ ਇਕ ਮਹਾਂ ਪ੍ਰੋਗ੍ਰਾਮ ਵਿਚ ਸਾਡੇ ਦੇਸ਼ ਦੇ ਉਪ ਰਾਸ਼ਟਰਪਤੀ ਵੀ ਇਹ ਗੱਲ ਕਹਿ ਚੁਕੇ ਹਨ,ਉਹਨਾਂ ਨੇ ਬੜੀ ਗੰਭੀਰ ਚਿੰਤਾਂ ਜਿਤਾਈ ਹੈ ਕਿ ਦੁਨੀਆ ਵਿਚੋ ਸਾਡੇ ਦੇਸ਼ ਵਿਚ ਅਨਪੜ੍ਹ ਲੋਕ ਜਿਆਦਾ ਹਨ। ਜੇਕਰ ਅਸੀ ਆਪਣੇ ਦੇਸ਼ ਵਿਚ ਸਿੱਖਿਆ ਦੀ ਗੱਲ ਕਰੀਏ ਤਾਂ ਸਿਰਫ 74 ਫੀਸਦੀ ਹੀ ਪੜ੍ਹੇ ਲਿਖੇ ਲੋਕ ਹਨ,ਜੇ ਅਸੀ ਵਿਚ ਬੇਰੁਜਗਾਰੀ ਅਤੇ ਅਨਪੜ੍ਹਤਾ ਦੀ ਗੱਲ ਕਰੀਏ ਤਾਂ ਗਿਣਤੀ ਕੁਝ ਜਿਆਦਾ ਹੀ 84 ਫੀਸਦੀ ਹੈ।ਸਿਖਿਆ ਦੇ ਮਾਮਲੇ ਵਿਚ ਅਸੀ ਆਪਣੇ ਗੁਆਢੀ ਦੇਸ਼ ਚੀਨ,ਸ਼੍ਰੀਲੰਕਾ ਅਤੇ ਈਰਾਨ ਨੂੰ ਦੇਖ ਕੇ ਸਹਿਜ਼ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀ ਸਿੱਖਿਆ ਦੇ ਮਾਮਲੇ ਵਿਚ ਕਿੰਨਾ ਪਿੱਛੇ ਰਹਿ ਗਏ ਹਾਂ।ਜਦੋ ਸਾਡਾ ਭਾਰਤ ਦੇਸ਼ ਅਜ਼ਾਦ ਹੋਇਆ ਸੀ ਤਾਂ ਸਾਡੇ ਭਾਰਤ ਦੇਸ਼ ਵਿਚ 12 ਫੀਸਦੀ ਹੀ ਪੜ੍ਹੇ ਲਿਖੇ ਲੋਕ ਸਨ ਅਤੇ ਅੱਜ ਛੇ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਸਾਡੇ ਦੇਸ਼ ਦੀ ਹਾਲਤ ਕੁਝ ਜ਼ਿਆਦਾ ਵਧੀਆ ਨਹੀ ਹੈ,ਸਿਰਫ 74 ਫੀਸਦੀ ਹੀ ਲੋਕ ਪੜ੍ਹੇ ਲਿਖੇ ਹਨ।

ਘੱਟ ਪੜ੍ਹੇ ਲਿਖੇ ਲੋਕਾਂ ਨੂੰ ਸਾਡੇ ਆਮ ਸਮਾਜ ਅੰਦਰ ਕੋਈ ਜਿਆਦਾ ਅਹਿਮੀਅਤ ਨਾਲ ਨਹੀ ਦੇਖਿਆ ਜਾਂਦਾ।ਅਨਪੜ੍ਹ ਲੋਕਾਂ ਲਈ ਇਸ ਦੁਨੀਆ ਵਿਚ ਤਰੱਕੀ ਦੇ ਵੀ ਬਹੁਤ ਹੀ ਘੱਟ ਮੌਕੇ ਮਿਲਦੇ ਹਨ,ਕਿਉਕਿ ਉਹ ਸਾਡੇ ਦੇਸ਼ ਦੀਆਂ ਨਵੀਆਂ ਗਤੀ ਵਿਧੀਆ,ਗਿਆਨ ਦੀ ਰਾਜਨੀਤੀ ਤੋਂ ਬਹੁਤ ਦੂਰ ਰਹਿੰਦੇ ਹਨ।ਸਾਡੇ ਦੇਸ਼ ਨੂੰ ਆਜਾਦ ਹੋਇਆ ਤਕਰੀਬਨ ਛੇ ਦਹਾਕੇ ਬੀਤ ਗਏ ਹਨ।ਪਰ ਅਨਪੜ੍ਹਤਾ ਨੂੰ ਕਾਬੂ ਕਰਨ ਵਿਚ ਅਸੀ ਅਜੇ ਤੱਕ ਕਾਮਯਾਬ ਨਹੀ ਹੋ ਸਕੇ।ਸਰਕਾਰ ਨੇ ਸਿੱਖਿਆ ਨੂੰ ਉਪਰ ਉਚਾ ਚੁੱਕਣ ਵਾਸਤੇ ਬਹੁਤ ਸਾਰੀਆਂ ਯੋਜਨਾਵਾਂ ਵੀ ਬਣਾ ਰੱਖੀਆ ਹਨ ਜਿਵੇਂ ਪਰੌੜ ਸਿਖਿਆ,ਸਰਵ ਸਿਖਿਆ ਅਭਿਆਨ ਅਤੇ ਮੁਫਤ ਵਿਸ਼ਵ ਵਿਦਿਆਲਿਆ ਹੋਰ ਬਹੁਤ ਸਾਰੇ ਤਰਾਂ ਤਰਾਂ ਦੀਆਂ ਸਿਖਿਆ ਸਬੰਧੀ ਸਕੀਮਾਂ ਚਲਾ ਕੇ ਪਿੰਡ ਪਿੰਡ ਵਿਚ ਸਿਖਿਆ ਦਾ ਡੰਡੋਰਾ ਪਿਟਾਇਆ ਜਾ ਰਿਹਾ ਹੈ।ਪਰ ਸਾਡੇ ਦੇਸ਼ ਦੀ ਸਰਕਾਰ ਵਲੋਂ ਦਿਤੀਆ ਜਾ ਰਹੀਆਂ ਇਹਨਾਂ ਸਕੀਮਾਂ ਦਾ ਫਾਇਦਾ ਸਾਡੇ ਦੇਸ਼ ਦੇ ਪਿੰਡਾਂ ਦੇ ਲੋਕਾਂ ਤੱਕ ਬਹੁਤ ਥੋੜਾ ਪਹੁੰਚਦਾ ਹੈ।ਆਲ ਇੰਡੀਆ ਦੀ ਰਿਪੋਰਟ ਦੇ ਮੁਤਾਬਿਕ ਭਾਰਤ ਵਿਚ ਸ਼ਾਇਦ 28,7 ਕਰੋੜ ਲੋਕ ਪੜ੍ਹਨਾ ਲਿਖਣਾ ਹੀ ਨਹੀ ਜਾਣਦੇ ਹਨ,ਜਦ ਕਿ ਦੁਨੀਆ ਦੇ ਘੱਟ ਪੜ੍ਹੇ ਲਿਖੇ ਲੋਕਾ ਦੀ ਆਬਾਦੀ ਦਾ 37 ਫੀਸਦੀ ਹਿੱਸਾ ਬਣਦਾ ਹੈ।ਏਨੀ ਵੱਡੀ ਗਿਣਤੀ ਵਾਲੀ ਆਬਾਦੀ ਵਿਚੋ ਬਹੁਗਿਣਤੀ ਵਿਚ ਲੋਕ ਅਨਪੜ੍ਹ ਰਹਿਣ ਨਾਲ ਵੀ ਸਿਖਿਆ ਵਿਭਾਗ ਤੇ ਉਂਗਲੀ ਉਠਣੀ ਸੁਭਾਵਿਕ ਹੈ। ਕੇਂਦਰ ਅਤੇ ਰਾਜ ਸਰਕਾਰਾਂ ਸਿਖਿਆ ਦੇ ਨਾਮ ਤੇ ਹਜ਼ਾਰਾਂ ਕਰੋੜਾਂ ਰੁਪਏ ਖਰਚ ਕਰਨ ਦਾ ਦਾਅਵਾ ਕਰਦੀਆ ਹਨ। ਪਰ ਨਤੀਜਾ ਸਿਫਰ ਦੇ ਬਰਾਬਰ ਹੈ। ਭਾਰਤ ਦੇਸ਼ ਵਿਚ ਤਾਂ ਅਨਪੜ੍ਹਤਾ ਨੇ ਆਪਣੇ ਪੂਰੇ ਪੈਰ ਜਮਾਏ ਹੋਏ ਹਨ।ਸਰਕਾਰ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।ਇਸ ਵੱਲ ਧਿਆਨ ਦਿੰਦੇ ਹੋਏ ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ,ਹਿਦੋਸਤਾਨ ਦੇ ਸਾਰੇ ਰਾਜ਼ਾ ਕੋਲੋ ਸਿਖਿਆ ਸਬੰਧੀ ਅੰਕੜੇ ਲੈਣੇ ਸ਼ੁਰੂ ਕਰੇ,ਬੜੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਾਡੇ ਭਾਰਤ ਦੇਸ਼ ਦਾ ਨਾਗਰਿਕ ਸਿਰਫ ਇਕ ਆਪਣਾ ਨਾਮ ਲਿਖਣਾ ਹੀ ਜਾਣਦਾ ਹੈ,ਸਰਕਾਰ ਵਲੋਂ ਉਸ ਨੂੰ ਵੀ ਪੜ੍ਹੇ ਲਿਖੇ ਲੋਕਾਂ ਦੇ ਅੰਕੜਿਆ ਵਿਚ ਦਾਖਲ ਕੀਤਾ ਹੋਇਆ ਹੈ।

ਭਾਰਤ ਵਿਚ ਘੱਟ ਪੜ੍ਹਿਆ ਲਿਖਿਆ ਤਬਕਾ ਜਿਆਦਾਤਰ ਅਨਸੂਚਿਤ 'ਤੇ ਜਨ ਜਾਤੀਆਂ ਜਾਂ ਛੋਟੀਆ ਜਾਤੀਆਂ ਵਿਚੋ ਹੈ।ਕੇਂਦਰ ਸਰਕਾਰ ਦੇ ਮਾਨਵ ਵਿਕਾਸ ਮੰਤਰੀ ਦੇ ਮੁਤਾਬਿਕ ਭਾਰਤ ਦੇਸ਼ ਵਿਚ 50 ਫੀਸਦੀ ਤੋਂ ਘੱਟ ਪੜ੍ਹੇ ਲਿਖੇ 372 ਜਿਲੇ ਹਨ,ਉਹਨਾਂ ਜਿਲਿਆਂ ਵਿਚ ਭਾਰਤ ਸਰਕਾਰ ਬਹੁਤ ਸਾਰੀਆ ਸਹੂਲਤਾਂ ਦੇ ਕੇ ਸਿਖਿਆ ਨੂੰ ਤੇਜ਼ ਕਰਨ ਵਾਸਤੇ ਇਕ ਸਪੈਸ਼ਲ ਮੁਹਿਮ ਚਲਾ ਰਹੀ ਹੈ।ਹੁਣ ਦੇਖਣਾ ਇਹ ਹੈ ਕਿ ਉਸ ਮੁਹਿਮ ਵਿਚ ਸਾਡੀ ਸਰਕਾਰ ਨੂੰ ਕਿੰਨੀ ਕੁ ਕਾਮਯਾਬੀ ਮਿਲਦੀ ਹੈ।ਮਾਨਵ ਵਿਕਾਸ ਮੰਤਰੀ ਜੀ ਵਲੋਂ ਆਪਣੇ ਬਿਆਨ ਵਿਚ ਇਹ ਕਹਿੰਦੇ ਵੀ ਸੁਣੇ ਗਏ ਹਨ ਕਿ ਸਿਖਿਆ ਖੇਤਰ ਵਿਚ ਛੋਟੀਆ ਜਾਤੀਆ ਅਨਸੂਚਿਤ ਅਤੇ ਜਨਜਾਤੀਆ ਨੂੰ ਉਪਰ ਚੁੱਕਣ ਵਾਸਤੇ ਬਹੁਤ ਸਾਰੇ ਕਦਮ ਚੁੱਕੇ ਜਾ ਰਹੇ ਹਨ।ਉਹ ਤਾਂ ਇਹ ਵੀ ਜ਼ੋਰ ਦੇ ਕੇ ਕਹਿਦੇ ਹਨ ਕਿ ਸਾਡੇ ਭਾਰਤ ਦੇਸ਼ ਦਾ ਕੋਈ ਵੀ ਵਸਨੀਕ ਅਨਪੜ੍ਹ ਨਾ ਰਹੇ।ਕੇਂਦਰ ਸਰਕਾਰ ਮੰਤਰੀ ਵਲੋਂ ਬੋਲੇ ਗਏ ਇਹ ਬੋਲ ਵੀ ਖੋਖਲੇ ਬਣਦੇ ਜਾ ਰਹੇ ਹਨ।

ਅਨਪੜ੍ਹਤਾ ਦੇ ਕਾਰਨ ਹਰ ਸਾਲ ਵਿਸ਼ਵ ਭਰ ਦੀਆਂ ਸਰਕਾਰਾਂ ਨੂੰ 129 ਅਰਬ ਡਾਲਰ ਦਾ ਨੁਕਸਾਨ ਸਹਿਣਾ ਪੈ ਰਿਹਾ ਹੈ।ਇਹਦੇ ਵਿਚ ਸਿਰਫ ਭਾਰਤ ਦੀ ਸਰਕਾਰ ਨੂੰ ਹੀ ਹਰ ਸਾਲ ਔਸਤਨ 27 ਖਰਬ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਨੁਕਸਾਨ ਨੂੰ ਦੇਖੀਏ ਤਾਂ ਸਾਡਾ ਗੁਆਂਢੀ ਦੇਸ਼ ਚੀਨ ਸੱਭ ਤੋਂ ਉਪਰ ਹੈ।ਨੁਕਸਾਨ ਵਿਚ ਵੀ ਸਾਡਾ ਭਾਰਤ ਦੇਸ਼ ਦੂਜੇ ਨੰਬਰ ਤੇ ਆਉਦਾ ਹੈ। ਆਲ ਇੰਡੀਆ ਦੀਆਂ ਇਜੰਸੀਆਂ ਦੇ ਸਰਵੈ ਦੀਆਂ ਰਿਪੋਰਟਾਂ ਦੇ ਮੁਤਾਬਿਕ ਚੀਨ ਨੂੰ 135,60 ਅਰਬ ਡਾਲਰ, ਭਾਰਤ 53,56 ਅਰਬ ਡਾਲਰ, ਰੂਸ 28,48 ਅਰਬ ਡਾਲਰ ਅਤੇ ਬ੍ਰਾਜ਼ੀਲ 27,41 ਅਰਬ ਡਾਲਰ ਸਲਾਨਾ ਨੁਕਸਾਨ ਸਹਿਣਾ ਪੈ ਰਿਹਾ ਹੈ।ਅਨਪੜ੍ਹ ਲੋਕਾਂ ਦੀ ਆਮਦਨੀ ਵਲ ਦੇਖਿਆ ਜਾਵੇ ਤਾਂ ਪੜ੍ਹੇ ਲਿਖੇ ਲੋਕਾਂ ਨਾਲੋ 30 ਤੋਂ 42 ਫੀਸਦੀ ਘੱਟ ਹੁੰਦੀ ਹੈ।'ਐਜੂਕੇਸ਼ਨ ਫਾਰ ਆਲ ਗਲੋਬਲ ਮਾਨਿਟਰਿੰਗ ਰਿਪੋਰਟ' ਵਿਚ ਕਿਹਾ ਗਿਆ ਹੈ ਕਿ ਸੰਨ 1991 ਤੋਂ 2006 ਤੱਕ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਿਚ ਵਾਧਾ ਤਾਂ ਜਰੂਰ ਹੋਇਆ ਹੈ,ਜਿਆਦਾ ਨਹੀ ਪਰ ਇਹ ਗਿਣਤੀ 48 ਫੀਸਦੀ ਤੋਂ ਵੱਧ ਕੇ 63 ਫੀਸਦੀ ਤੱਕ ਪਹੁੰਚ ਗਈ ਹੈ। ਪਰ ਦੁਨੀਆਂ ਭਰ ਵਿਚ ਜੰਨਸੰਖਿਆ ਵਧਣ ਦੇ ਨਾਲ ਨਾਲ ਇਹ ਗਿਣਤੀ ਵਿਚ ਕੋਈ ਖਾਸ ਵਾਧਾ ਨਜ਼ਰ ਨਹੀ ਆ ਰਿਹਾ। ਹੁਣ ਇਸ ਵਿਚ ਸੱਚ ਕੀ ਹੈ,ਇਹਨਾਂ ਕਮੀਆਂ ਦਾ ਕੌਣ ਜਿਮੇਵਾਰ ਹੈ,ਅਸੀ ਤਾਂ ਸਿਰਫ ਰਿਪੋਰਟਾਂ ਨੂੰ ਹੀ ਸਹੀ ਮੰਨ ਸਕਦੇ ਹਾਂ। ਅਸੀ ਬੜਾ ਦੁਚਿੱਤੀ 'ਚ ਹਾਂ ਕਿ ਕਿਹੜੀਆਂ ਰਿਪੋਰਟ ਤੇ ਯਕੀਨ ਕਰੀਏ। ਦੇਸ਼ ਵਿਚ ਅਨਪੜ੍ਹ ਲੋਕਾਂ ਵੱਲ ਧਿਆਨ ਦੇਣਾ ਸਾਡੀਆਂ ਸਰਕਾਰਾਂ ਦੀ ਜਿਮੇਵਾਰੀ ਬਣਦੀ ਹੈ।ਇਸ ਦੇ ਨਾਲ ਨਾਲ ਸਾਡਾ ਸਮਾਜ ਵੀ ਜਿਮੇਵਾਰ ਹੈ।ਆਲ ਇੰਡੀਆ ਸਰਵੈ ਦੀ ਇਕ ਰਿਪੋਰਟ ਦੇ ਮੁਤਾਬਿਕ ਅਨਪੜ੍ਹਤਾ ਲਈ ਅਮੀਰੀ ਅਤੇ ਗਰੀਬੀ ਦਾ ਪਾੜਾ ਵੀ ਸੱਭ ਤੋਂ ਵੱਡਾ ਜਿਮੇਵਾਰ ਬਣਦਾ ਜਾ ਰਿਹਾ ਹੈ।ਅਮੀਰਾਂ ਦੇ ਕੋਲ ਪੈਸਾ ਹੁੰਦਾ ਹੈ ਤਾਂ ਉਹ ਆਪਣੇ ਬੱਚਿਆਂ ਲਈ ਵਧੀਆ ਸਕੂਲ ਵਿਚ ਵਧੀਆ ਪੜ੍ਹਾਈ ਕਰਵਾਉਦੇ ਹਨ ਅਤੇ ਗਰੀਬ ਸਮਾਜ ਦੇ ਬੱਚੇ ਮੁੱਢਲੀ ਸਿਖਿਆ ਤੋਂ ਵੀ ਵਾਝੇਂ ਰਹਿ ਜਾਦੇ ਹਨ।ਇਕ ਪਾਸੇ ਆਮੀਰ ਘਰਾਣਿਆ ਦੇ ਬੱਚੇ ਜਿਥੇ ਵਧੀਆ ਪੜ੍ਹਾਈ ਕਰਕੇ ਉਚੇ ਅਹੁੱਦਿਆ ਤੇ ਬਿਰਾਜਮਾਨ ਹੋ ਜਾਂਦੇ ਹਨ।ਉਥੇ ਦੂਜੇ ਪਾਸੇ ਬਹੁਤ ਸਾਰੇ ਗਰੀਬ ਤਬਕੇ ਦੇ ਲੋਕਾਂ ਦੇ ਬੱਚਿਆ ਨੂੰ ਸਕੂਲ ਜਾਣਾ ਵੀ ਨਸੀਬ ਨਹੀ ਹੁੰਦਾ।2015 ਤੱਕ ਸਰਕਾਰਾਂ ਨੂੰ ਆਪਣੀਆਂ ਰਿਪੋਰਟਾਂ ਵਿਚ ਦਿਖਾਉਣਾ ਜਰੂਰੀ ਹੋ ਜਾਵੇਗਾ ਕਿ ਅਨਸੂਚਿਤ ਜਾਤੀਆ,ਜਨ ਜਾਤੀਆ ਅਤੇ ਛੋਟੀ ਜਾਤੀਆ ਲਈ ਇਹ ਅੰਕੜੇ ਪਹਿਲਾ ਨਾਲੋ ਘੱਟ ਰਹੇ ਹਨ।

ਭਾਰਤ ਵਿਚ ਅਨਪੜ੍ਹਤਾ ਨੂੰ ਲੈ ਕੇ ਦੇਖਿਆ ਜਾਵੇ ਤਾਂ ਪੁਰਸ਼ਾਂ ਨਾਲੋ ਇਸਤਰੀਆਂ ਦੀ ਗਿਣਤੀ ਬਹੁਤ ਘੱਟ ਹੈ।ਫਿਰ ਵੀ ਸਾਡੇ ਦੇਸ਼ ਵਿਚ ਲੜਕੀਆਂ ਲਈ ਪੜ੍ਹਾਈ ਵਿਚ ਬਹੁਤ ਸਾਰੀ ਸੰਕੋਚ ਦੀ ਵਰਤੋ ਕੀਤੀ ਜਾਂਦੀ ਹੈ।ਸਮਾਜਿਕ ਤੌਰ ਤੇ ਦੇਖਿਆ ਗਿਆ ਹੈ ਕਿ ਭੇਦ-ਭਾਵ ਕਰਨ ਕਰਕੇ ਲੜਕੀਆ ਦੀ ਪੜ੍ਹਾਈ ਵਲ ਜਿਆਦਾ ਧਿਆਨ ਨਹੀ ਦਿਤਾ ਜਾਦਾ।ਸਕੂਲ ਦੀ ਪੜ੍ਹਾਈ ਤੋਂ ਹੀ ਲੜਕੀਆ ਨਾਲ ਭੇਦ-ਭਾਵ ਸ਼ੁਰੂ ਹੋ ਜਾਂਦਾ ਹੈ।ਘਰ ਵਿਚ ਜਿਆਦਾ ਬੱਚੇ ਹੋਣ ਦੇ ਕਾਰਨ ਵੀ ਲੜਕੀਆਂ ਨੂੰ ਸਿਖਿਆ ਤੋਂ ਵਾਂਝੇ ਰੱਖਿਆ ਜਾਂਦਾ ਹੈ।ਅਮੀਰ ਗਰੀਬ ਬੱਚਿਆ ਦਾ ਦੇਖਿਆ ਜਾਵੇ ਤਾਂ ਉਤਰ ਪ੍ਰਦੇਸ਼ ਵਿਚ ਚੰਗੇ ਖਾਂਦੇ ਪੀਦੇ ਘਰ ਦਾ ਹਰ ਬੱਚਾ ਪੰਜਵੀ ਜਮਾਤ ਤੱਕ ਜਰੂਰ ਸਕੂਲ ਜਾਦਾ ਹੈ।ਜਦ ਕਿ ਗਰੀਬ ਪਰਿਵਾਰ ਦੇ 70 ਫੀਸਦੀ ਬੱਚੇ ਕਿਸੇ ਸਕੂਲ ਦੇ ਨੇੜਿਓ ਵੀ ਨਹੀ ਲੰਘਦੇ।ਏਸੇ ਤਰਾਂ ਹੀ ਮੱਧ ਪ੍ਰਦੇਸ ਦੇ ਮੱਧ ਵਰਗ ਤੋਂ ਉਪਰ ਦੇ 96 ਫੀਸਦੀ ਬੱਚੇ ਆਪਣੀ ਵਧੀਆ ਪੜ੍ਹਾਈ ਪੂਰੀ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਪਰ ਗਰੀਬ ਪਰਿਵਾਰ ਦੇ 85 ਫੀਸਦੀ ਬੱਚੇ ਮੁਸ਼ਕਲ ਨਾਲ ਪੰਜ਼ਵੀ ਜਮਾਤ ਤੱਕ ਹੀ ਪਹੁੰਚ ਪਾਂਉਦੇ ਹਨ।ਇਹ ਸੱਭ ਅਨਪੜ੍ਹਤਾ ਦੇ ਕਾਰਨ ਹੀ ਹੋ ਰਿਹਾ ਹੈ।

ਇਹ ਵੀ ਹਾਲਤ ਇਸ ਕਰਕੇ ਹਨ ਕਿ ਸਰਕਾਰ ਨੇ ਭਾਰਤ ਵਿਚ ਸਿਖਿਆ ਨੂੰ ਮੌਲਿਕ ਅਧਿਕਾਰ ਦੇ ਰੱਖਿਆ ਹੋਣ ਕਰਕੇ ਛੇ ਤੋਂ ਚੌਦਾ ਸਾਲ ਤੱਕ ਦੇ ਬੱਚੇ ਨੂੰ ਲਾਜਮੀ ਅਤੇ ਮੁਫਤ ਪੜ੍ਹਾਈ ਦੇਣ ਦਾ ਪ੍ਰਣ ਕੀਤਾ ਹੋਇਆ ਹੈ। ਪ੍ਰਧਾਨ ਮੰਤਰੀ ਵੀ ਆਪ ਖੁਦ ਆਪਣੇ ਬਿਆਨ ਰਾਹੀ ਕਈ ਵਾਰ ਕਹਿ ਚੁੱਕੇ ਹਨ ਕਿ ਬੱਚਿਆ ਕੋਲ ਵਧੀਆਂ ਤੇ ਸੰਚਾਰੂ ਸਿਖਿਆ ਹੋਣ ਦੇ ਬਾਵਜੂਦ ਹੀ ਭਾਰਤ ਦਾ ਆਰਥਿਕ ਵਿਕਾਸ ਵਧੀਆ ਕਰਾਇਆ ਜਾ ਸਕਦਾ ਹੈ। ਇਹ ਸਾਰੇ ਵਾਅਦਿਆ ਦੇ ਹੋਣ ਦੇ ਬਾਵਜੂਦ ਵੀ ਭਾਰਤ ਵਿਚ ਸਥਿਤੀ ਕੁਝ ਹੋਰ ਹੀ ਹੈ।ਦੇਸ਼ ਦੇ ਬਹੁਤ ਸਾਰੇ ਪੇਂਡੂ ਇਲਾਕਿਆ ਵਿਚ 80 ਫੀਸਦੀ ਸਕੂਲ ਸਰਕਾਰੀ ਹਨ ਅਤੇ ਕਈ ਵਾਰ ਸਪੈਸ਼ਲ ਅਮਲੇ ਵਲੋਂ ਕੀਤੀ ਗਈ ਚੈਕਿੰਗ ਕਰਨ ਦੇ ਦੌਰਾਨ ਸਾਹਮਣੇ ਆਇਆ ਹੈ ਕਿ 40 ਫੀਸਦੀ ਮਾਸਟਰ ਆਪਣੀ ਡਿਊਟੀ ਤੇ ਹੀ ਨਹੀ ਆਉਦੇ,ਕੁਝ ਆਉਦੇ ਹਨ ਪਰ ਉਹ ਬੱਚਿਆ ਨੂੰ ਕਰਵਾਉਦੇ ਕੁਝ ਨਹੀ,ਕਈ ਰਾਜਾ ਵਿਚ ਤਾਂ ਸਟਾਫ ਹੀ ਬਹੁਤ ਘੱਟ ਹੈ,ਅਤੇ ਬਹੁਤ ਜਗ੍ਹਾ ਤਾਂ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਸਟਾਫ ਬੱਚਿਆ ਕੋਲੋ ਆਪਣੇ ਘਰ ਦੇ ਨਿਜੀ ਕੰਮ ਕਰਵਾਂਉਦੇ ਰਹਿੰਦੇ ਹਨ।ਇਸ ਦਾ ਅਸਰ ਵੀ ਤਾਂ ਸਾਡੇ ਦੇਸ਼ ਦੇ ਅੰਕੜਿਆ ਤੇ ਹੀ ਪੈ ਰਿਹਾ ਹੈ।ਬਹੁਤ ਸਾਰੇ ਰਾਜਾਂ ਵਿਚ ਜੋ ਸਕੂਲਾ ਵਿਚ ਸਹੂਲਤਾਂ ਹੋਣੀਆਂ ਚਾਹੀਦੀਆ ਹਨ ਉਹ ਪੂਰੀਆਂ ਮਿਲ ਨਹੀ ਪਾ ਰਹੀਆਂ।ਪਿੰਡਾਂ ਦੇ ਸਕੂਲਾਂ ਵਿਚ ਸਟਾਫ ਦੀ ਘਾਟ ਹੋਣ ਦੇ ਕਰਕੇ ਇਕ ਟੀਚਰ ਸਕੂਲ ਦੀਆਂ ਸਾਰੀਆਂ ਜਮਾਤਾਂ ਦੇ ਬੱਚਿਆ ਨੂੰ ਇਕ ਕਮਰੇ ਵਿਚ ਇਕੱਠੇ ਕਰ ਕੇ ਪੜ੍ਹਾਇਆ ਜਾ ਰਿਹਾ ਹੈ।ਇਕ ਇਕ ਜਮਾਤ ਵਿਚ 20 ਤੋਂ 30 ਤੱਕ ਬੱਚੇ ਹੁੰਦੇ ਹਨ,ਬੱਚਿਆ ਨੂੰ ਸਿਖਿਆ ਕੀ ਦੇਣੀ ਹੈ,ਸਗੋਂ ਉਹਨਾਂ ਨੂੰ ਸਤਾਇਆ ਜਾ ਰਿਹਾ ਹੈ।

ਪਿੰਡਾਂ ਵਿਚ ਚੱਲ ਰਹੇ ਸਰਕਾਰੀ ਸਕੂਲਾਂ ਦੀ ਹਾਲਤ ਏਨੀ ਮਾੜੀ ਹੈ ਕਿ ਉਹਨਾਂ ਵਲ ਕਿਸੇ ਦਾ ਵੀ ਧਿਆਨ ਨਹੀ ਹੈ। ਕਹਿਣ ਦੇ ਲਈ ਮਾਨਵ ਵਿਕਾਸ ਮਹਿਕਮੇ ਅਤੇ ਰਾਜ ਦੇ ਸਿਖਿਆ ਵਿਭਾਗ ਦੇ ਕੋਲ ਬਹੁਤ ਸਾਰਾ ਅਮਲਾ ਹੈ,ਬਹੁਤ ਸਾਰਾ ਸਟਾਫ,ਮੁਲਾਜ਼ਮ ਕਰਮਚਾਰੀਆ ਦੀ ਫੌਜ ਹੈ।ਪਰ ਉਹਨਾਂ ਕੋਲ ਸ਼ਾਇਦ ਏਨਾ ਸਮ੍ਹਾਂ ਵੀ ਨਹੀ ਹੈ ਕਿ ਪਿੰਡੂ ਇਲਾਕਿਆ ਵਿਚ ਚਲ ਰਹੇ ਸਕੂਲਾਂ ਦੀ ਹਾਲਤ ਵੀ ਜਾ ਕੇ ਦੇਖ ਸਕੀਏ।ਇਹ ਅੰਕੜੇ ਕਿਥੋਂ ਆਉਦੇ ਹਨ।ਸਾਡਾ ਭਾਰਤ ਦੇਸ਼ ਸੋਨੇ ਦੀ ਚਿੜੀ ਅਖਵਾਉਣ ਵਾਲਾ ਦੇਸ਼ ਹੈ,ਪਰ ਸਾਡੇ ਦੇਸ਼ ਅੰਦਰ ਫੈਲ ਰਿਹਾ ਸਿਉਂਕ ਵਾਂਗ ਭ੍ਰਿਸ਼ਟਾਚਾਰ ਸਾਡੇ ਦੇਸ਼ ਨੂੰ ਡੋਬਣ ਤੇ ਲੱਗਾ ਹੋਇਆ ਹੈ।ਸਾਡੇ ਦੇਸ਼ ਦੇ ਮੰਤਰੀ ਸਿਖਿਆ ਦੀ ਪ੍ਰਵਾਹ ਨਾ ਕਰਦੇ ਹੋਏ ਸਿਰਫ ਵਿਕਾਸ ਕਰਨ ਦੀਆਂ ਹੀ ਗੱਲ ਕਰਦੇ ਹਨ।ਸਾਡੇ ਦੇਸ਼ ਦੇ ਅਨਪੜ੍ਹ ਲੋਕਾਂ ਵਲ ਧਿਆਨ ਦੇਣਾ ਆਪਣਾ ਫਰਜ ਹੀ ਨਹੀ ਸਮਝਦੇ।ਹਰ ਪਾਸਿਓ ਸਹੂਲਤਾਂ ਅਤੇ ਫੰਡ ਸਮ੍ਹੇ ਸਿਰ ਮਿਲਣ ਦੇ ਬਾਵਜੂਦ 28 ਕਰੋੜ 70 ਲੱਖ ਲੋਕ ਅਨਪੜ੍ਹ ਰਹਿਣ ਜਾਣ ਤੇ ਸਿਖਿਆ ਵਿਭਾਗ ਅਤੇ ਸਰਕਾਰ ਦੀਆਂ ਖਾਮੀਆ ਦਾ ਪਤਾ ਲੱਗਦਾ ਹੈ।ਇਸ ਨਾਕਾਮਯਾਬੀ ਲਈ ਸਿਧੇ ਤੌਰ ਤੇ ਸਰਕਾਰ ਹੀ ਜਿਮੇਵਾਰ ਹੈ।ਸਵਾ ਅਰਬ ਅਬਾਦੀ ਵਿਚ ਇਕ ਵਿਆਕਤੀ ਨੂੰ ਪੜ੍ਹਾਉਣ ਤੇ ਹਰ ਸਾਲ 400 ਰੁਪਏ ਖਰਚ ਆ ਰਿਹਾ ਹੈ,ਇਹ ਭਾਰਤ ਦੀ ਸਿਖਿਆ ਦੇ ਪ੍ਰਬੰਧਾ ਦਾ ਅੰਕੜਾ ਹੈ।ਥੌੜੇ ਦਿਨ ਪਹਿਲਾਂ ਭਾਰਤ ਵਿਚ ਲੋਕ ਸਭਾ ਚੋਣਾਂ ਹੋਈਆ ਹਨ ਅਤੇ ਕਿਸੇ ਵੀ ਲੋਕ ਸਭਾ ਮੈਂਬਰ ਦਾ ਘੋਸ਼ਣਾ ਪੱਤਰ ਚੁੱਕ ਲਵੋ ਕਿਸੇ ਵੀ ਲੋਕ ਸਭਾ ਮੈਂਬਰ ਦੇ ਘੋਸ਼ਣਾ ਪੱਤਰ ਵਿਚ ਵੀ ਅਨਪੜ੍ਹਾਂ ਦੀ ਸਿਖਿਆ ਦਾ ਜ਼ਿਕਰ ਨਹੀ ਹੈ। ਏਥੋ ਤੱਕ ਕਿ ਕਿਸੇ ਵੀ ਮੈਬਰ ਵਲੋ ਆਉਣ ਵਾਲੇ ਸਮ੍ਹੇ ਵਿਚ ਵੀ ਅਨਪੜ੍ਹਤਾ ਵਲ ਧਿਆਨ ਦੇਣ ਦੀ ਕੋਈ ਕਿਰਨ ਦਿਖਾਈ ਨਹੀ ਦੇ ਰਹੀ ਹੈ।

ਜੋ ਲੋਕ ਸਾਡੇ ਦੇਸ਼ ਵਿਚ ਅਨਪੜ੍ਹ ਲੋਕ ਰਹਿ ਗਏ ਹਨ ਉਨਾਂ ਦੀਆ ਆਪਣੀਆ ਅਲੱਗ ਅਲੱਗ ਸਮੱਸਿਆਵਾਂ ਹਨ,ਉਹਨਾਂ ਦੀਆਂ ਆਪਣਿਆਂ ਹੀ ਸਮੱਸਿਆਵਾਂ ਦੇ ਢੇਰ ਲੱਗੇ ਹੋਏ ਹਨ,ਉਹ ਇਕ ਤਰਾਂ ਨਾਲ ਦੇਸ਼ ਦੀਆਂ ਗਤੀਵਿਧਿਆ ਨਾਲ ਅਤੇ ਦੇਸ਼ ਵਿਚ ਚੱਲ ਰਹੀਆਂ ਸਮੱਸਿਆਵਾਂ ਵਾਰੇ ਜਾਣਕਾਰੀ ਹਾਸਲ ਨਹੀ ਕਰ ਪਾਉਂਦੇ। ਜੋ ਲੋਕ ਕਿਸੇ ਨਾ ਕਿਸੇ ਤਰਾਂ ਸਕੂਲ ਵਿਚ ਦੋ ਚਾਰ ਜਮਾਤਾ ਪੜ੍ਹ ਗਏ ਹਨ।ਉਹ ਸਿਰਫ ਕਹਿਣ ਦੇ ਲਈ ਹੀ ਪੜ੍ਹੇ ਲਿਖੇ ਹਨ ਜਾਂ ਥੋੜਾ ਬਹੁਤਾ ਪੜ੍ਹਨਾ ਲਿਖਣਾ ਸਿੱਖ ਰਹੇ ਹਨ, ਉਹਨਾਂ ਦੀ ਸਥਿਤੀ ਵੀ ਕੋਈ ਜਿਆਦਾ ਵਧੀਆ ਨਹੀ ਹੈ।ਉਹ ਲੋਕ ਵੀ ਅਨਪੜ੍ਹਤਾ ਨਾਲ ਹੀ ਜੂਝ ਰਹੇ ਹਨ।ਹਾਲਤ ਸਾਡੇ ਸਰਕਾਰੀ ਸਕੂਲਾਂ ਦੀ ਇਹ ਹੈ ਕਿ ਇਕ ਵਾਰ ਭਾਰਤ ਦੇਸ਼ ਦੇ ਬਹੁਤ ਸਾਰੇ ਸਕੂਲਾਂ ਦੀ ਅਚਣਚੇਤ ਚੈਕਿੰਗ ਕੀਤੀ ਗਈ ਤਾਂ ਪੰਜ਼ ਬੱਚਿਆ ਨੂੰ ਗਣਿਤ ਦੇ ਸਵਾਲ ਕਰਨ ਲਈ ਦਿਤੇ ਗਏ ਤਾਂ ਪੰਜ਼ ਬੱਚਿਆ ਵਿਚੋ ਸਿਰਫ ਇਕ ਬੱਚਾ ਹੀ ਗਣਿਤ ਦਾ ਸਵਾਲ ਕਰ ਸਕਿਆ।ਚੈਕਿੰਗ ਦੇ ਦੌਰਾਨ ਤਾਂ ਇਹ ਵੀ ਦੇਖਿਆ ਗਿਆ ਕਿ ਜੋ ਵੀ ਟੀਚਰ ਬੱਚਿਆ ਨੂੰ ਪੜ੍ਹਾਉਦੇ ਹਨ ਉਹਨਾਂ ਵਿਚੋ ਬਹੁਤ ਸਾਰੇ ਟੀਚਰ ਪੜ੍ਹਾਉਣ ਦੀ ਯੋਗਤਾ ਵੀ ਨਹੀ ਰੱਖਦੇ।ਸਕੂਲ ਦੇ ਅੰਦਰ ਜਿਹਨਾਂ ਬੱਚਿਆ ਨੂੰ ਚੰਗੀ ਪੜ੍ਹਾਈ ਨਹੀ ਮਿਲੇਗੀ ਉਹਨਾਂ ਬੱਚਿਆ ਵਲੋਂ ਸਕੂਲ ਛੱਡਣ ਦੀ ਸੰਭਾਵਨਾ ਜਿਆਦਾ ਬਣ ਜਾਂਦੀ ਹੈ।ਗਰੀਬ ਸਮਾਜ ਦੇ ਬੱਚਿਆ ਦੀ ਮੁਢਲੀ ਸਿਖਿਆ ਹੋਰ ਵੀ ਖਰਾਬ ਦੇਖੀ ਗਈ ਹੈ।ਬੱਚਿਆ ਦੀਆਂ ਅਨੇਕਾਂ ਹੀ ਸਮੱਸਿਆਵਾ ਦੇ ਨਾਲ ਨਾਲ ਟੀਚਰਾਂ ਦਾ ਸਕੂਲ ਤੋਂ ਕਈ ਕਈ ਦਿਨ ਗਾਇਬ ਰਹਿਣਾ ਵੀ ਇਕ ਬਹੁਤ ਵੱਡਾ ਕਾਰਨ ਹੈ।

ਸਰਕਾਰੀ ਸਕੂਲਾ ਵਿਚ ਟੀਚਰਾਂ ਵਲੋਂ ਸਕੂਲਾਂ ਵਿਚ ਬੱਚਿਆ ਨੂੰ ਘੱਟ ਪੜ੍ਹਾਇਆ ਜਾਂਦਾ,ਜਾਂ ਠੀਕ ਤਰਾਂ ਪੜ੍ਹਾਇਆ ਨਹੀ ਜਾਂਦਾ ਅਤੇ ਟੀਚਰ ਆਪਣੇ ਘਰਾਂ ਵਿਚ ਬੱਚਿਆਂ ਨੂੰ ਟਿਊਸ਼ਨ ਦੇਣਾ ਜਿਆਦਾ ਪਸੰਦ ਕਰਦੇ ਹਨ।ਬਹੁਤ ਸਾਰੇ ਰਾਜਾਂ ਵਿਚ ਟੀਚਰਾਂ ਦੀਆਂ ਸ਼ਕਾਇਤਾ ਵੀ ਕੀਤੀ ਗਈਆ ਪਰ ਉਹਨਾਂ ਤੇ ਕੋਈ ਜਿਆਦਾ ਧਮਾਕੇਦਾਰ ਅਸਰ ਦਿਖਾਈ ਨਹੀ ਦਿਤਾ।ਗੁਜਰਾਤ ਅਤੇ ਮਹਾਰਾਸ਼ਟਰ ਵਿਚ 15 ਤੋਂ 17 ਫੀਸਦੀ, ਬਿਹਾਰ ਅਤੇ ਝਾਰਖੰਡ ਵਿਚ 38 ਤੋਂ 42 ਫੀਸਦੀ ਟੀਚਰਾਂ ਦੇ ਖਿਲਾਫ ਦਰਜ ਕੀਤੀਆ ਸ਼ਕਾਇਤਾ ਅਜੇ ਵੀ ਪੈਡਿੰਗ ਪਈਆ ਹਨ।ਟੀਚਰਾਂ ਵਲੋਂ ਬੱਚਿਆ ਦੇ ਕੀਤਾ ਜਾਂਦਾ ਦੁਰਵਿਵਹਾਰ ਵੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।ਬੱਚਿਆ ਦੇ ਨਾਲ ਮਾਰ ਕੁੱਟ ਕਰਨ ਨਾਲ ਵੀ ਬੱਚਿਆ ਦਾ ਮਨੋਬਲ ਡਿੱਗਦਾ ਹੈ ਅਤੇ ਉਹ ਅੱਗੇ ਤੋਂ ਸਕੂਲ ਜਾਣ ਤੋਂ ਵੀ ਕਤਰਾਂਉਦੇ ਹਨ।

ਇਹਨਾਂ ਬਹੁਤ ਸਾਰੇ ਕਾਰਨਾ ਕਰਕੇ ਵੀ ਸਾਡੇ ਭਾਰਤ ਦੇਸ਼ ਦੀ ਸਿਖਿਆ ਪ੍ਰਭਾਵਤ ਹੋ ਰਹੀ ਹੈ।ਇਹਨਾਂ ਤੋਂ ਇਲਾਵਾ ਜੋ ਸਰਕਾਰੀ ਸਕੂਲਾਂ ਵਿਚ ਸਿਖਿਆ ਵਾਸਤੇ ਮਾਡਲ ਰੱਖੇ ਹੋਏ ਹਨ, ਉਹ ਅੱਜ ਦੇ ਸਮ੍ਹੇਂ ਵਿਚ ਬਹੁਤ ਹੀ ਪੁਰਾਣੇ ਹੋ ਚੁਕੇ ਹਨ,ਜਿਸ ਕਰਕੇ ਵੀ ਬੱਚੇ ਸਕੂਲ ਜਾਣ ਲਈ ਬੋਝ ਸਮਝਦੇ ਹਨ।ਭਾਰਤ ਦੇਸ਼ ਵਿਚ ਸਿਖਿਆ ਦੇ ਸੁਧਾਰ ਨੂੰ ਲੈ ਕੇ ਬਹੁਤ ਸਾਰੇ ਨਵੇਂ ਪ੍ਰੋਗ੍ਰਾਮ ਚਲਾਏ ਜਾ ਰਹੇ ਹਨ ਫਿਰ ਵੀ ਸਾਡੇ ਦੇਸ਼ ਅੰਦਰ ਸਿਖਿਆ ਵਿਚ ਸੁਧਾਰ ਨਹੀ ਹੋ ਰਿਹਾ। ਸਾਡੇ ਦੇਸ਼ ਦੇ ਬੱਚਿਆ ਦੀ ਸਿਖਿਆ ਵਿਚ ਸੁਧਾਰ ਨਾ ਲਿਆਂਦਾ ਗਿਆ ਤਾਂ ਉਹ ਦਿਨ ਦੂਰ ਨਹੀ ਕਿ ਜੋ ਅਨਪੜ੍ਹਤਾ ਦੇ ਅੰਕੜੇ ਹਨ ਉਹ ਅਮਰ ਵੇਲ ਵਾਂਗ ਹੋਰ ਵੀ ਵੱਧਦੇ ਜਾਣਗੇ।

## ਨਵੋਦਿਆ ਲਈ ਚੁਣੇ ਜਾਣ 'ਤੇ ਗੁਰਲੀਨ ਦਾ ਸਨਮਾਨ




ਮੁਕੰਦਪੁਰ-(ਰੇਸ਼ਮ ਕਰਨਾਣਵੀ) ਪਿੰਡ ਚਾਹਲ ਕਲਾਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਹੋਣਹਾਰ ਵਿਦਿਆਰਥਣ ਗੁਰਲੀਨ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਹ ਸਨਮਾਨ ਉਸ ਨੂੰ ਸੀ ਬੀ ਐਸ ਸੀ ਵਲੋਂ ਜਵਾਹਰ ਨਵੋਦਿਆ ਵਿਦਿਆਲਿਆ 'ਚ ਦਾਖ਼ਲੇ ਲਈ 2014-15 ਸ਼ੈਸ਼ਨ ਦੀ ਪ੍ਰੀਖਿਆ ਪਾਸ ਕਰਨ ਬਦਲੇ ਦਿੱਤਾ ਗਿਆ। ਵਿਦਿਆਰਥਣ ਗੁਰਲੀਨ ਕੌਰ ਦੀ ਪ੍ਰਤਿਭਾ ਦੀ ਪ੍ਰਸੰਸਾ ਕਰਦਿਆਂ ਸਕੂਲ ਮੁੱਖੀ ਪਰਮਜੀਤ ਨੇ ਕਿਹਾ ਕਿ ਸਕੂਲ ਅੰਦਰ ਵਿਦਿਅਕ ਅਤੇ ਹੋਰ ਪ੍ਰਤੀਯੋਗਤਾਵਾਂ 'ਚ ਵੀ ਇਸ ਬੱਚੀ ਦੀ ਭੂਮਿਕਾ ਮੋਹਰੀਆਂ 'ਚ ਰਹੀ ਹੈ। ਗੁਰਲੀਨ ਦੀ ਉਕਤ ਵਿਦਿਅਕ ਪ੍ਰਾਪਤੀ ਲਈ ਮੁਕੰਦਪੁਰ ਬਲਾਕ ਦੇ ਸਿੱਖਿਆ ਅਫ਼ਸਰ ਕਰਨੈਲ ਸਿੰਘ, ਮਿਡਲ ਸਕੂਲ ਦੇ ਮੁੱਖੀ ਸੁਰਜੀਤ ਸਿੰਘ ਸਮਾਜਿਕ ਸਾਂਝ ਕੇਂਦਰ ਬੰਗਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ, ਪਿੰਡ ਚਾਹਲ ਕਲਾਂ ਦੇ ਸਰਪੰਚ ਬਾਰੂ ਰਾਮ ਆਦਿ ਨੇ ਵੀ ਵਧਾਈ ਦਿੱਤੀ ਹੈ। ਸਨਮਾਨ ਰਸਮ ਮੌਕੇ ਮਾਸਟਰ ਧਰਿੰਦਰ ਬੱਧਣ, ਪ੍ਰਾਇਮਰੀ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਰਣਬੀਰ ਸਿੰਘ, ਮੈਡਮ ਰਾਣੀ, ਤਿਲਕ ਰਾਜ ਚਾਹਲ, ਸਕੂਲ ਸਟਾਫ ਅਤੇ ਪਿੰਡ ਦੇ ਹੋਰ ਪਤਵੰਤੇ ਆਦਿ ਵੀ ਹਾਜ਼ਰ ਸਨ।

## ਤਰਨ ਤਾਰਨ ਜ਼ਿਲ੍ਹੇ ਵਿਚੋਂ ਖਡੂਰ ਸਾਹਿਬ ਕਾਲਜ ਦੀ ਝੰਡੀ, ਦੋ ਵਿਦਿਆਰਥੀ ਮੈਰਿਟ ਸੂਚੀ ਵਿਚ





ਖਡੂਰ ਸਾਹਿਬ, 19 ਜੂਨ_ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਬੀ.ਏ. ਅਤੇ ਬੀ.ਐੱਸ.ਸੀ. (ਇਕਨਾਮਿਕਸ) ਭਾਗ ਤੀਜਾ ਦੇ ਐਲਾਨੇ ਨਤੀਜਿਆਂ ਵਿਚ ਕਾਰ ਸੇਵਾ ਖਡੂਰ ਸਾਹਿਬ ਅਧੀਨ ਚਲਦੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਨੇ ਤਰਨ ਤਾਰਨ ਜ਼ਿਲ੍ਹੇ ਵਿਚੋਂ ਬੇਹਤਰੀਨ ਕਾਰਗੁਜ਼ਾਰੀ ਦਿਖਾਈ ਹੈ ਅਤੇ ਇਸ ਦੇ ਦੋ ਹੋਣਹਾਰ ਵਿਦਿਆਰਥੀਆਂ ਨੇ ਮੈਰਿਟ ਸੂਚੀ ਵਿਚ ਅਹਿਮ ਸਥਾਨ ਹਾਸਲ ਕੀਤੇ ਹਨ। ਇਸ ਦੀ ਬੀ.ਐਸ.ਸੀ. (ਇਕਨਾਮਿਕਸ) ਦੀ ਵਿਦਿਆਰਥਣ ਰੁਪਿੰਦਰ ਕੌਰ ਸਪੁੱਤਰੀ ਸ. ਜਸਬੀਰ ਸਿੰਘ ਨੇ 78 ਫ਼ੀਸਦੀ ਅੰਕਾਂ ਨਾਲ ਮੈਰਿਟ ਪ੍ਰਾਪਤ ਕਰਦਿਆਂ ਯੂਨੀਵਰਸਿਟੀ ਵਿਚੋਂ 12ਵਾਂ ਰੈਂਕ ਹਾਸਲ ਕੀਤਾ ਹੈ। ਇਸੇ ਕਲਾਸ ਦੀਆਂ ਵਿਦਿਆਰਥਣਾਂ ਸੁਖਮਨਪ੍ਰੀਤ ਕੌਰ ਨੇ 69 ਫ਼ੀਸਦੀ ਅਤੇ ਰਮਨਦੀਪ ਕੌਰ ਨੇ 67.83 ਫ਼ੀਸਦੀ ਅੰਕਾਂ ਨਾਲ ਕਾਲਜ ਵਿਚੋਂ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਬੀ.ਏ. ਭਾਗ ਤੀਜਾ ਦੇ ਵਿਦਿਆਰਥੀ ਸੁਖਬੀਰ ਸਿੰਘ ਸਪੁੱਤਰ ਸ. ਬਲਵਿੰਦਰ ਸਿੰਘ ਨੇ 67 ਫ਼ੀਸਦੀ ਅੰਕਾਂ ਨਾਲ ਮੈਰਿਟ ਹਾਸਲ ਕਰਦਿਆਂ ਯੂਨੀਵਰਸਿਟੀ ਵਿਚੋਂ 140ਵਾਂ ਰੈਂਕ ਪ੍ਰਾਪਤ ਕੀਤਾ ਹੈ।

# 24 ਸਾਲ ਬਾਅਦ ਜਰਮਨ ਬਣਿਆ ਵਿਸ਼ਵ ਚੈਂਪੀਅਨ

ਰਿਓ ਡੀ ਜਨੇਰੋ- ਵਿਸ਼ਵ ਕੱਪ ਫੁਟਬਾਲ ਦੇ ਫਾਈਨਲ ਮੁਕਾਬਲੇ ਵਿਚ ਜਰਮਨ ਨੇ ਅਰਜਨਟੀਨਾ ਨੂੰ ਵਾਧੂ ਸਮੇਂ ਵਿਚ ਕੀਤੇ ਹੋਏ ਗੋਲ ਨਾਲ 1-0 ਨਾਲ ਹਰਾ ਕੇ ਫੀਫਾ ਵਿਸ਼ਵ ਕੱਪ ਦਾ ਫਾਈਨਲ ਮੁਕਾਬਲਾ ਜਿੱਤ ਲਿਆ ਹੈ। ਜਰਮਨੀ ਦੇ ਲਈ ਉਹਨਾਂ ਦਾ ਪਹਿਲਾ ਗੋਲ ਮਾਰੀਓ ਗੋਟਜੇ ਨੇ 113ਵੇਂਮਿੰਟ ਵਿਚ ਕੀਤਾ ਅਤੇ ਇਸਦੇ ਨਾਲ ਹੀ ਜਰਮਨੀ 24 ਸਾਲ ਬਾਅਦ ਫਿਰ ਵਿਸ਼ਵ ਚੈਂਪੀਅਨ ਬਣ ਗਿਆ ਹੈ।



ਵੈਸੇ ਗੋਲ ਦੇ ਕਈ ਮੌਕੇ ਅਰਜਨਟੀਨਾ ਨੂੰ ਵੀ ਮਿਲੇ ਜਿਵੇਂ 21ਵੇਂ ਮਿੰਟ ਵਿਚ ਅਰਜਨਟੀਨਾ ਦੇ ਹਿਗੁਏਨ ਇਕ ਸਿੱਧਾ ਗੋਲ ਨਾ ਕਰ ਸਕੇ। ਉਥੇ ਹੀ 119 ਵੇਂ ਮਿੰਟ ਵਿਚ ਮੇਸੀ ਆਪਣੀ ਫ੍ਰੀ ਕਿਕ ਨੂੰ ਗੋਲ ਵਿਚ ਨਹੀਂ ਬਦਲ ਸਕੇ। ਇਸ ਮੁਕਾਬਲੇ ਨੂੰ ਦੇਖਣ ਦੇ ਲਈ ਸਟੇਡੀਅਮ ਵਿਚ 79 ਹਜ਼ਾਰ ਦਰਸ਼ਕ ਮੌਜੂਦ ਸਨ ਜਦਕਿ ਦੁਨੀਆਂ ਭਰ ਵਿਚ ਲੱਗਭੱਗ ਇਕ ਅਰਬ ਲੋਕ ਇਸ ਨੂੰ ਟੀ. ਵੀ. ਤੇ ਦੇਖ ਰਹੇ ਸਨ। ਇਹ ਮੁਕਾਬਲਾ ਬਹੁਤ ਹੀ ਫਸਵਾਂ ਰਿਹਾ। ਦੋਵਾਂ ਟੀਮਾਂ ਨੇ ਜੀ ਜਾਨ ਲਾ ਕੇ ਇਸ ਮੁਕਾਬਲੇ ਨੂੰ ਅਖੀਰ ਤੱਕ ਰੌਮਾਂਚਕ ਬਣਾਈ ਰੱਖਿਆ। ਫੀਫਾ ਵਿਸ਼ਵ ਕੱਪ ਦੇ ਇਸ ਯਾਦਗਾਰੀ ਮੁਕਾਬਲੇ 'ਚ 90 ਮਿੰਟ ਪੂਰੇ ਹੋਣ ਤੱਕ ਕੋਈ ਵੀ ਟੀਮ ਇਕ ਦੂਜੇ ਵਿਰੁੱਧ ਗੋਲ ਨਹੀਂ ਕਰ ਸਕੀ। ਇਥੋਂ ਤੱਕ ਕੇ ਦੋਵਾਂ ਟੀਮਾਂ ਨੂੰ 30 ਮਿੰਟ ਦੇ ਮਿਲੇ ਵਾਧੂ ਸਮੇਂ ਦੇ ਪਹਿਲੇ ਹਾਫ ਤੱਕ ਵੀ ਕੋਈ ਟੀਮ ਗੋਲ ਨਹੀਂ ਕਰ ਸਕੀ ਸੀ। ਪਰ ਇਸ ਮੈਚ ਦੇ 113ਵੇਂ ਮਿੰਟ 'ਚ ਜਰਮਨੀ ਦੇ ਫਾਰਵਡ ਖਿਡਾਰੀ ਮਾਈਕਲ ਗੋਟਜੇ ਵਲੋਂ ਕੀਤੇ ਗਏ ਇਕੋ ਇਕੋ ਗੋਲ ਨਾਲ ਜਰਮਨੀ ਨੇ 24 ਸਾਲਾਂ ਦੇ ਸੋਕੇ ਨੂੰ ਖਤਮ ਕਰਦਿਆਂ ਫੀਫਾ ਵਿਸ਼ਵ ਕੱਪ ਦੇ ਖਿਤਾਬ 'ਤੇ ਆਪਣਾ ਕਬਜ਼ਾ ਜਮਾ ਲਿਆ। ਜਰਮਨੀ ਦੀ ਮਜ਼ਬੂਤ ਟੀਮ ਨੇ ਵਿਸ਼ਵ ਕੱਪ ਖਿਤਾਬ ਜਿੱਤਣ ਦੇ ਲਿਓਨਲ ਮੇਸੀ ਦੇ ਸੁਪਨੇ ਨੂੰ ਚਕਨਾਚੂਰ ਕਰ ਦਿੱਤਾ।



ਇਕ ਮੌਕੇ ਅਰਜਨਟੀਨਾ ਦੇ ਗੋਲ ਨੂੰ ਆਫ ਸਾਈਡ ਕਾਰਨ ਰੱਦ ਕਰ ਦਿੱਤਾ ਗਿਆ। ਜਰਮਨ ਨੇ ਇਸ ਮੈਚ ਦੌਰਾਨ ਜ਼ਿਆਦਾਤਰ ਬਾਲ ਆਪਣੇ ਕਬਜ਼ੇ 'ਚ ਰੱਖਿਆ ਪਰ ਮੇਸੀ ਦੀ ਅਗਵਾਈ 'ਚ ਅਰਜਨਟੀਨਾ ਨੇ ਜਰਮਨ ਨੂੰ ਸਖਤ ਟੱਕਰ ਦਿੱਤੀ।

ਇਹ ਮੁਕਾਬਲਾ ਐਨਾ ਜ਼ਿਆਦਾ ਰੋਮਾਂਚਕਾਰੀ ਰਿਹਾ ਕਿ ਆਖਿਰ ਤੱਕ ਦੋਵੇਂ ਟੀਮਾਂ ਦੇ ਹਮਾਇਤੀਆਂ ਦੇ ਸਾਹ ਸੁੱਕੇ ਰਹੇ। ਇਸ ਮੈਚ 'ਚ ਅਰਜਨਟੀਨਾ ਨੂੰ ਮਿਲੀ ਹਾਰ ਨਾਲ ਦਰਸ਼ਕਾਂ ਤੇ ਅਰਜਨਟੀਨਾ ਦੇ ਖਿਡਾਰੀਆਂ ਦੀਆਂ ਅੱਖਾਂ 'ਚ ਹੰਝੂ ਸਾਫ ਦਿਖਾਈ ਦੇ ਰਹੇ ਸਨ।

ਇਥੇ ਜ਼ਿਕਰਯੋਗ ਹੈ ਕਿ ਇਸ ਮੈਚ 'ਚ ਜਰਮਨ ਦੇ ਖਿਡਾਰੀਆਂ ਨੇ 20 ਫਾਊਲ ਜਦਕਿ ਅਰਜਨਟੀਨਾ ਦੇ ਖਿਡਾਰੀਆਂ ਨੇ 16 ਫਾਊਲ ਖੇਡੇ।

**ਕਲੋਸ ਦੀ ਥਾਂ ਮੈਦਾਨ 'ਚ ਉਤਰਿਆ ਗੋਟਜ਼ੇ ਚਮਕਿਆ**

ਫੁਟਬਾਲ ਵਿਸ਼ਵ ਕੱਪ ਵਿੱਚ ਰਿਕਾਰਡ 16 ਗੋਲ ਕਰਨ ਵਾਲੇ ਮਿਰੋਸਲਾਵ ਕਲੋਸ ਦੀ ਥਾਂ ਮੈਦਾਨ ਵਿੱਚ ਆਏ ਮਾਰੀਓ ਗੋਟਜ਼ੇ ਵੱਲੋਂ ਵਾਧੂ ਸਮੇਂ ਵਿੱਚ ਕੀਤੇ ਗੋਲ ਸਦਕਾ ਜਰਮਨੀ ਨੇ ਰੋਮਾਂਚਕ ਫਾਈਨਲ ਵਿੱਚ ਅਰਜਨਟੀਨਾ ਨੂੰ 1-0 ਨਾਲ ਹਰਾ ਕੇ ਚੌਥੀ ਵਾਰ ਵਿਸ਼ਵ ਕੱਪ ਫੁਟਬਾਲ ਦਾ ਖ਼ਿਤਾਬ ਆਪਣੇ ਨਾਂ ਕਰ ਲਿਆ। ਗੋਟਜ਼ੇ ਨੂੰ ਕਲੋਸ ਦੀ ਥਾਂ ਮੈਚ ਦੀ ਆਖਰੀ ਪਲਾਂ ਭਾਵ 87ਵੇਂ ਮਿੰਟ 'ਚ ਮੈਦਾਨ ਵਿੱਚ ਉਤਾਰਿਆ ਗਿਆ ਸੀ। ਗੋਟਜ਼ੇ ਨੇ 113ਵੇਂ ਮਿੰਟ 'ਚ ਆਂਦਰੇ ਸ਼ਰਲੇ ਵੱਲੋਂ ਮਿਲੇ ਕ੍ਰਾਸ ਨੂੰ ਆਪਣੀ ਛਾਤੀ 'ਤੇ ਲੈ ਕੇ ਸ਼ਾਨਦਾਰ ਵਾਲੀ ਨਾਲ ਗੇਂਦ ਨੂੰ ਗੋਲ ਤਕ ਪਹੁੰਚਾ ਦਿੱਤਾ।

**ਸ਼ਕੀਰਾ, ਸੰਤਾਨਾ ਤੇ ਸਾਂਬਾ ਨੇ ਲੁੱਟਿਆ ਮੇਲਾ**

ਫੀਫਾ ਵਰਲਡ ਕੱਪ ਦੇ ਸਮਾਪਤੀ ਸਮਾਰੋਹ ਵਿੱਚ ਬੇਹੱਦ ਉੱਚੇ ਸੰਗੀਤ ਦੇ ਸ਼ੋਰ ਵਿੱਚ ਲੱਖਾਂ ਬ੍ਰਾਜ਼ੀਲਿਆਈਆਂ ਦੇ ਹਉਕੇ ਤੇ ਆਹਾਂ ਦੱਬ ਗਈਆਂ। ਇਸ ਸਮਾਰੋਹ ਵਿੱਚ ਅੱਜ ਵਿਸ਼ਵ ਪੱਧਰ ਦੀਆਂ ਲੋਕਪ੍ਰਿਯ ਹਸਤੀਆਂ ਸ਼ਕੀਰਾ, ਗਿਟਾਰ ਦਾ ਬਾਦਸ਼ਾਹ ਕਾਰਲੋਸ ਸੰਤਾਨਾ ਅਤੇ ਸਾਂਬਾ ਸ਼ਾਮਲ ਹੋਏ। ਅਰਜਨਟੀਨਾ ਤੇ ਜਰਮਨੀ ਵਿੱਚ ਗਰੈਂਡ ਫਿਨਾਲੇ ਤੋਂ ਪਹਿਲਾਂ ਕਈ ਤਰ੍ਹਾਂ ਦੀਆਂ ਈਵੈਂਟਸ ਹੋਈਆਂ ਜਿਸ ਵਿੱਚ ਮੇਜ਼ਬਾਨ ਮੁਲਕ ਦਾ ਵਿਲੱਖਣ ਸੱਭਿਆਚਾਰ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਤੇ ਖੇਡਾਂ ਦੇ ਇਸ ਮਹਾਂਕੁੰਭ ਵਿੱਚ ਸ਼ਾਮਲ ਹਰ ਮੁਲਕ ਦੀ ਇਸ ਵਿੱਚ ਵੀ ਹਾਜ਼ਰੀ ਲੁਆਈ ਗਈ। ਸਟੇਡੀਅਮ ਵਿੱਚ ਕਰਵਾਏ ਗਏ 18 ਮਿੰਟ ਦੇ ਪ੍ਰੋਗਰਾਮ ਵਿੱਚ ਇਸ ਖ਼ੂਬਸੂਰਤ ਖੇਡ ਤੇ ਇਸ ਦੇ ਅਹਿਮ ਚਿੰਨ੍ਹਾਂ ਨੂੰ ਸਿਜਦਾ ਕੀਤਾ ਗਿਆ। ਸ਼ਕੀਰਾ ਨੇ ਆਪਣੇ ਮਸ਼ਹੂਰ ਗੀਤ 'ਲਾਲਾ ਲਾ' ਨਾਲ ਸਭ ਨੂੰ ਬੰਨ੍ਹੀ ਰੱਖਿਆ। ਵਰਲਡ ਕੱਪ ਦਾ ਤਰਾਨਾ ਗਾਇਆ ਗਿਆ।

# ਫੁਟਬਾਲ ਦੇ ਵਿਸ਼ਵ ਚੈਂਪੀਅਨਾਂ ਦਾ ਵਤਨ ਪਰਤਣ 'ਤੇ ਬੇਮਿਸਾਲ ਸਵਾਗਤ

ਬਰਲਿਨ- ਹੱਥਾਂ ਵਿੱਚ ਫੀਫਾ ਵਿਸ਼ਵ ਕੱਪ ਦੀ ਅੱਖਾਂ ਨੂੰ ਚੁੰਧਿਆਉਂਦੀ ਟਰਾਫੀ ਫੜ ਕੇ ਮੋਢੇ ਉੱਤੇ ਦੇਸ਼ ਦਾ ਕੌਮੀ ਝੰਡਾ ਚੁੱਕ ਕੇ ਚਿਹਰੇ ਉੱਤੇ ਜਿੱਤ ਦੀ ਤਸੱਲੀ ਨਾਲ ਜਰਮਨੀ ਦੀ ਫੁਟਬਾਲ ਵਿਸ਼ਵ ਕੱਪ ਜੇਤੂ ਟੀਮ ਦੇ ਖਿਡਾਰੀ ਵਤਨ ਪਰਤ ਗਏ।

ਚੌਥੀ ਵਾਰ ਵਿਸ਼ਵ ਕੱਪ ਜਿੱਤਣ ਵਾਲੀ ਜਰਮਨ ਟੀਮ ਅੱਜ ਸਵੇਰੇ ਵਿਸ਼ੇਸ਼ ਜਹਾਜ਼ ਰਾਹੀਂ ਬਰਲਿਨ ਦੇ ਟੇਗੇਲ ਹਵਾਈ ਅੱਡੇ ਉੱਤੇ ਪੁੱਜੀ। ਟੀਮ ਦੇ ਕਪਤਾਨ ਫਿਲਿਪ ਲਾਹਮ ਨੇ ਹਵਾਈ ਜਹਾਜ਼ ਵਿੱਚੋਂ ਟਰਾਫੀ ਹੱਥਾਂ ਵਿੱਚ ਲੈ ਕੇ ਧਰਤੀ ਉੱਤੇ ਪੈਰ ਰੱਖਿਆ। ਉਸ ਨੇ ਸਾਥੀ ਖਿਡਾਰੀਆਂ ਨਾਲ ਨਾਅਰਾ ਲਾਇਆ 'ਫੁਟਬਾਲ ਹੁਣ ਘਰ ਪੁੱਜ ਗਿਆ ਹੈ।'



ਫਿਲਿਪ ਤੋਂ ਬਾਅਦ ਮਿੱਡ-ਫੀਲਡਰ ਬੈਸਟੀਅਨ ਸ਼ੇਰੇਡਰ ਜਰਮਨੀ ਦੇ ਝੰਡੇ ਨੂੰ ਲੈ ਕੇ ਉਤਰਿਆ। ਇਸ ਤੋਂ ਬਾਅਦ 1.3 ਕਿਲੋਮੀਟਰ ਲੰਬੀ ਸੜਕ ਉੱਤੇ ਬਰਲਿਨ ਦੇ ਪੱਛਮੀ ਖੇਤਰ ਤੋਂ ਲੈ ਕੇ ਬ੍ਰੈਂਡਨਬਰਗ ਗੇਟ ਤੱਕ ਪ੍ਰਸੰਸਕਾਂ ਦੀ ਭੀੜ ਜਮ੍ਹਾਂ ਸੀ। ਲੋਕਾਂ ਨੇ ਚਾਅ ਵਿੱਚ ਚਿਹਰੇ ਰੰਗੇ ਹੋਏ ਸਨ ਤੇ ਵਧੇਰੇ ਪ੍ਰਸੰਸਕਾਂ ਨੇ ਜਰਮਨੀ ਦੇ ਝੰਡੇ ਵਾਲੀ ਟੀ-ਸ਼ਰਟ ਤੇ ਹੈਟ ਪਹਿਨ ਰੱਖੇ ਸਨ।

ਹਵਾਈ ਅੱਡੇ ਤੋਂ ਟੀਮ ਬੱਸ ਵਿੱਚ ਬੈਠ ਕੇ ਉਸ ਗਰਾਊਂਡ ਵੱਲ ਚੱਲੀ ਜਿੱਥੇ ਉਸ ਦਾ ਸਵਾਗਤ ਹੋਣਾ ਸੀ। ਇਸ ਵਿਸ਼ੇਸ਼ ਬੱਸ ਉੱਤੇ ਟੀਮ ਦੇ ਵਿਸ਼ਵ ਕੱਪ ਜਿੱਤਣ ਵਾਲੇ ਸਾਲ ਲਿਖੇ ਹੋਏ ਸਨ। ਜਰਮਨੀ ਨੇ ਸਾਲ 1954, 1974 ਤੇ 1990 ਵਿੱਚ ਵੀ ਵਿਸ਼ਵ ਕੱਪ ਜਿੱਤਿਆ ਹੈ।

ਇਸ ਤੋਂ ਪਹਿਲਾਂ ਜਰਮਨੀ ਵਿੱਚ ਵਿਸ਼ਵ ਕੱਪ ਜੇਤੂਆਂ ਦਾ ਸਵਾਗਤ ਕਰਨ ਲਈ ਹਜ਼ਾਰਾਂ ਫੁਟਬਾਲ ਪ੍ਰੇਮੀ ਇਕੱਤਰ ਹੋਏ ਤੇ ਕਈ ਘੰਟੇ ਆਪਣੇ ਨਾਇਕਾਂ ਦਾ ਇੰਤਜ਼ਾਰ ਕਰਦੇ ਰਹੇ। ਵੱਡੀ ਗਿਣਤੀ ਵਿੱਚ ਫੁਟਬਾਲ ਪ੍ਰੇਮੀ ਬ੍ਰੇਂਡਨਬਰਗ ਗੇਟ ਉੱਤੇ ਇਕੱਠੇ ਹੋਏ ਤੇ ਵਿਸ਼ਵ ਕੱਪ ਜੇਤੂ ਟੀਮ ਦੀ ਉਡੀਕ ਕੀਤੀ। ਹਵਾਈ ਅੱਡੇ ਦੇ ਬੁਲਾਰੇ ਅਨੁਸਾਰ ਰੀਓ ਡੀ ਜਨੇਰੋ ਤੋਂ ਜਰਮਨੀ ਦੀ ਰਾਜਧਾਨੀ ਬਰਲਿਨ ਤੱਕ ਜੇਤੂ ਖਿਡਾਰੀਆਂ ਨੂੰ ਲਿਆਉਣ ਵਾਲੀ ਉਡਾਣ ਵਿੱਚ ਦੇਰੀ ਹੋ ਗਈ। ਫੁਟਬਾਲ ਪ੍ਰੇਮੀ ਸਵੇਰ ਤੋਂ ਹੀ ਸੈਂਟਰਲ ਬਰਲਿਨ ਵਿੱਚ ਇਕੱਤਰ ਹੋਣੇ ਸ਼ੁਰੂ ਹੋ ਗਏ ਜਦੋਂਕਿ ਤੇਗੇਲ ਹਵਾਈ ਅੱਡੇ ਉੱਤੇ ਵੀ ਹਜ਼ਾਰਾਂ ਪ੍ਰਸੰਸਕ ਆਪਣੀ ਟੀਮ ਦੀ ਝਲਕ ਪਾਉਣ ਲਈ ਪੁੱਜੇ ਹੋਏ ਸਨ। ਇਹ ਖਿਡਾਰੀ ਲੁਫਥਾਂਸਾ ਏਅਰਲਾਈਨਜ਼ ਰਾਹੀਂ ਆ ਰਹੇ ਹਨ। ਇਸ ਵਿਸ਼ੇਸ਼ ਉਡਾਣ ਨੂੰ 'ਫੇਨਹਾਂਸਾ' ਦਾ ਨਾਂ ਦਿੱਤਾ ਗਿਆ ਹੈ।



ਬ੍ਰਾਜ਼ੀਲ ਵਿੱਚ ਹੋ ਰਹੇ ਸਾਰੇ ਮੈਚਾਂ ਦੀ ਰੇਡੀਓ ਉੱਤੇ ਕੁਮੈਂਟਰੀ ਸੁਣਨ ਵਾਲੇ 34 ਸਾਲਾ ਬੱਸ ਡਰਾਈਵਰ ਬਰਨਾਰਡ ਹੈਸੇ ਨੇ ਕਿਹਾ, 'ਇਹ ਇਤਿਹਾਸਕ ਪਲ ਹਨ। ਅਜਿਹਾ ਰੋਜ਼ ਨਹੀਂ ਹੁੰਦਾ ਜਦੋਂ ਤੁਹਾਨੂੰ ਅਜਿਹੀਆਂ ਚੀਜ਼ਾਂ ਦੇਖਣ ਨੂੰ ਮਿਲਣ। ਕ੍ਰਿਸ਼ਮੇ ਨਿੱਤ-ਨਿੱਤ ਨਹੀਂ ਹੁੰਦੇ।' ਜਰਮਨੀ ਨੇ 24 ਸਾਲ ਬਾਅਦ ਵਿਸ਼ਵ ਕੱਪ ਜਿੱਤਿਆ ਹੈ ਤੇ ਏਕੀਕ੍ਰਿਤ ਟੀਮ ਦੇ ਰੂਪ ਵਿੱਚ ਇਹ ਉਸ ਦਾ ਪਹਿਲਾ ਵਿਸ਼ਵ ਕੱਪ ਹੈ।

**ਜਰਮਨੀ ਨੇ ਜਿੱਤ ਤੋਂ ਪਹਿਲਾਂ ਹੀ ਛਾਪ ਲਈਆਂ ਸਨ ਡਾਕ ਟਿਕਟਾਂ**

ਜਰਮਨੀ ਇਸ ਹਫ਼ਤੇ ਆਪਣੀ ਫੁਟਬਾਲ ਵਿਸ਼ਵ ਕੱਪ ਜਿੱਤ ਦੀ ਡਾਕ ਟਿਕਟ ਜਾਰੀ ਕਰੇਗਾ। ਅਧਿ-ਕਾਰੀਆਂ ਦੇ ਅਨੁਸਾਰ ਪੰਜਾਹ ਲੱਖ ਡਾਕ ਟਿਕਟਾਂ ਤਾਂ ਫਾਈਨਲ ਤੋਂ ਪਹਿਲਾਂ ਹੀ ਛਾਪ ਲਈਆਂ ਸਨ। ਜਰਮਨੀ ਦੇ ਵਿੱਤ ਮੰਤਰੀ ਵੋਲਫਗਰੈਂਡ ਸ਼ਾਉਬੁਲੇ ਨੇ ਕੱਲ੍ਹ ਰਾਤ ਕਿਹਾ, 'ਇਸ ਸਾਲ ਸਾਨੂੰ ਕਾਫੀ ਪਹਿਲਾਂ ਹੀ ਸਾਨੂੰ ਉਮੀਦ ਲੱਗ ਗਈ ਸੀ ਕਿ ਸਾਡੀ ਟੀਮ ਖ਼ਿਤਾਬ ਜਿੱਤੇਗੀ।' ਉਨ੍ਹਾਂ ਕਿਹਾ, 'ਇਹ ਲਾਜਵਾਬ ਹੈ ਕਿ ਟੀਮ ਸਾਡੀਆਂ ਆਸਾਂ ਉੱਤੇ ਖਰੀ ਉੱਤਰੀ ਹੈ। ਇਹ ਡਾਕ ਟਿਕਟ ਲੋਕਾਂ ਨੂੰ ਇਸ ਯਾਦ ਨੂੰ ਸਮੇਂ-ਸਮੇਂ ਤਾਜ਼ਾ ਕਰਵਾਉਂਦੇ ਰਹਿਣਗੇ ਜੋ ਟੀਮ ਨੇ ਸਾਨੂੰ ਦਿੱਤੀ ਹੈ।' ਇਸ ਸੱਠ ਸੈਂਟ ਦੀ ਟਿਕਟ ਉੱਤੇ ਲਿਖਿਆ ਹੈ, 'ਜਰਮਨੀ ਫੁਟਬਾਲ ਚੈਂਪੀਅਨ 2014।' ਇਹ ਟਿਕਟਾਂ ਵੀਰਵਾਰ ਤੋਂ ਵਿਕਣੀਆਂ ਸ਼ੁਰੂ ਹੋਣਗੀਆਂ ਪਰ ਇਹ ਪਹਿਲਾਂ ਸੂਬਾਈ ਕੋਚਾਂ, ਖਿਡਾਰੀਆਂ ਤੇ ਟੀਮ ਦੇ ਸਟਾਫ ਨੂੰ ਦਿੱਤੀਆਂ ਜਾਣਗੀਆਂ। ਟਿਕਟ ਦੇ ਗਰਾਫਿਕ ਡਿਜ਼ਾਈਨਰ ਲੁਟੂਜ਼ ਮੇਂਜੇ ਨੇ ਕਿਹਾ ਕਿ ਟਿਕਟ ਉੱਤੇ ਖਿਡਾਰੀਆਂ ਨੂੰ ਜਾਗਦਿਆਂ ਨੂੰ ਦਿਖਾਇਆ ਗਿਆ ਹੈ ਪਰ ਉਨ੍ਹਾਂ ਦੇ ਚਿਹਰੇ ਨਹੀਂ ਦਿਖਾਏ ਗਏ ਤਾਂ ਜੋ ਕਿਸੇ ਵਿਅਕਤੀ ਵਿਸ਼ੇਸ਼ ਦੀ ਥਾਂ ਸਮੁੱਚੀ ਟੀਮ ਨੂੰ ਮਾਣ ਦਿੱਤਾ ਜਾ ਸਕੇ।

# ਆਪਣੀ ਹੀ ਧਰਤੀ ਤੇ ਬ੍ਰਾਜ਼ੀਲ ਸਨਮਾਨ ਦੀ ਜੰਗ ਵੀ ਹਾਰਿਆ

ਬ੍ਰਾਜ਼ੀਲੀਆ- ਨੈਦਰਲੈਂਡਜ਼ ਦੀ ਟੀਮ ਨੇ ਫੀਫਾ ਵਿਸ਼ਵ ਕੱਪ ਦੇ ਤੀਜੇ ਸਥਾਨ ਲਈ ਖੇਡੇ ਗਏ ਪਲੇਅ ਆਫ ਮੁਕਾਬਲੇ ਵਿੱਚ ਮੇਜ਼ਬਾਨ ਬ੍ਰਾਜ਼ੀਲ ਦੀ ਟੀਮ ਨੂੰ 3-0 ਗੋਲਾਂ ਦੇ ਫਰਕ ਨਾਲ ਮਾਤ ਦਿੱਤੀ ਹੈ। ਦੱਸਣਯੋਗ ਹੈ ਕਿ ਬ੍ਰਾਜ਼ੀਲ ਨੂੰ ਚਾਰ ਦਿਨਾਂ ਵਿੱਚ ਦੂਜੀ ਵਾਰ ਸ਼ਰਮਸਾਰ ਹੋਣਾ ਪਿਆ ਹੈ। ਇਸ ਤੋਂ ਪਹਿਲਾਂ ਉਸ ਨੂੰ ਸੈਮੀ ਫਾਈਨਲ ਮੁਕਾਬਲੇ ਵਿੱਚ ਜਰਮਨੀ ਨੇ 7-1 ਗੋਲਾਂ ਦੀ ਕਰਾਰੀ ਮਾਤ ਦਿੱਤੀ ਸੀ ਅਤੇ ਹੁਣ ਇਸੇ ਪਲੇਅ ਆਫ ਮੈਚ ਵਿੱਚ ਵੀ ਮੇਜ਼ਬਾਨ ਟੀਮ ਕੋਈ ਦਮਖ਼ਮ ਨਹੀਂ ਦਿਖਾ ਸਕੀ।

ਨੈਦਰਲੈਂਡਜ਼ ਦੀ ਟੀਮ ਵੱਲੋਂ ਕਪਤਾਨ ਰੌਬਿਨ ਵਾਨ ਪਰਸੀ ਨੇ (ਤੀਜੇ ਮਿੰਟ), ਡੈਲੀ ਬਲਾਈਂਡ (17ਵੇਂ ਮਿੰਟ) ਅਤੇ ਜੌਰਜਿਓ ਵਿਜਨਾਲਡਮ (90ਵੇਂ ਮਿੰਟ) ਨੇ ਗੋਲ ਕੀਤੇ। ਪਿਛਲੇ ਮੈਚ ਦੀ ਹਾਰ ਤੋਂ ਨਿਰਾਸ਼ ਤੇ ਹੁਣ ਇਸ ਮੈਚ ਵਿੱਚ ਮਿਲੀ ਹਾਰ ਨਾਲ ਸਟੇਡੀਅਮ ਵਿੱਚ ਬ੍ਰਾਜ਼ੀਲ ਟੀਮ ਦੀ ਜਰਸੀ ਪਹਿਨ ਕੇ ਪੁੱਜੇ ਹਜ਼ਾਰਾਂ ਪ੍ਰਸੰਸਕਾਂ ਦੇ ਦਿਲ ਟੁੱਟ ਗਏ। ਦੋ ਵਾਰ ਪੀਲਾ ਕਾਰਡ ਮਿਲਣ ਕਾਰਨ ਸੈਮੀ ਫਾਈਨਲ 'ਚੋਂ ਬਾਹਰ ਰਹੇ ਬ੍ਰਾਜ਼ੀਲ ਦੇ ਕਪਤਾਨ ਥਿਆਗੋ ਸਿਲਵਾ ਵੱਲੋਂ ਇਸ ਪਲੇਅ ਆਫ ਮੈਚ ਵਿੱਚ ਅਰਜੇਨ ਰੌਬੇਨ ਨੂੰ ਖਿੱਚਣ ਕਾਰਨ ਨੈਦਰਲੈਂਡਜ਼ ਨੂੰ ਪੈਨਲਟੀ ਮਿਲੀ। ਮੈਨਚੈਸਟਰ ਯੂਨਾਈਟਿਡ ਵੱਲੋਂ ਖੇਡਣ ਵਾਲੇ ਵਾਨ ਪਰਸੀ ਨੇ ਬ੍ਰਾਜ਼ੀਲ ਦੇ ਗੋਲਕੀਪਰ ਜੂਲੀਓ ਨੂੰ ਝਕਾਨੀ ਦੇ ਕੇ ਆਸਾਨੀ ਨਾਲ ਗੋਲ ਦਾਗ ਕੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰ ਦਿੱਤਾ। ਦੱਸਣਯੋਗ ਹੈ ਕਿ ਇਸ ਟੂਰਨਾਮੈਂਟ ਦੇ 6 ਮੈਚਾਂ ਵਿੱਚ ਵਾਨ ਪਰਸੀ ਦਾ ਇਹ ਚੌਥਾ ਗੋਲ ਸੀ। ਦੂਜੇ ਗੋਲ ਲਈ ਬ੍ਰਾਜ਼ੀਲ ਦਾ ਡਿਫੈਂਡਰ ਡੇਵਿਡ ਲੂਈਜ਼ ਜ਼ਿੰਮੇਵਾਰ ਰਿਹਾ, ਜੋ ਪੰਜ ਕਰੋੜ ਪੌਂਡ ਦੀ ਰਾਸ਼ੀ ਲੈ ਕੇ ਪੈਰਿਸ ਸੇਂਟ ਜਰਮਨ ਐਫ ਸੀ ਨਾਲ ਜੁੜਨ ਵਾਲਾ ਹੈ। ਲੂਈਜ਼ ਨੇ ਹੈਡਰ ਨਾਲ ਗੇਂਦ ਨੂੰ ਬਲਾਈਂਡ ਕੋਲ ਪਹੁੰਚਾ ਦਿੱਤਾ, ਜਿਸ ਨੇ ਗੋਲ ਕਰਕੇ ਨੈਦਰਲੈਂਡਜ਼ ਦੀ ਲੀਡ ਦੁੱਗਣੀ ਕਰ ਦਿੱਤੀ। ਬਲਾਈਂਡ ਦਾ ਇਹ ਪਹਿਲਾ ਕੌਮਾਂਤਰੀ ਗੋਲ ਹੈ। ਇਸ ਬਾਅਦ ਵਿਨਾਲਡਮ ਨੇ ਮੈਚ ਖ਼ਤਮ ਹੋਣ ਤੋਂ ਪਹਿਲਾਂ ਇੰਜਰੀ ਟਾਈਮ ਵਿੱਚ ਸ਼ਾਨਦਾਰ ਗੋਲ ਕਰਕੇ ਨੈਦਰਲੈਂਡਜ਼ ਨੂੰ 3-0 ਨਾਲ ਜਿੱਤ ਦਿਵਾਈ। ਮੈਦਾਨ 'ਤੇ ਆਸਕਰ ਨੇ ਬ੍ਰਾਜ਼ੀਲ ਵੱਲੋਂ ਚੰਗੀ ਖੇਡ ਦਿਖਾਈ। ਉਸ ਨੇ ਮੌਕਾ ਬਣਾਇਆ ਪਰ ਨੈਦਰਲੈਂਡਜ਼ ਦੇ ਗੋਲਚੀ ਜੈਸਪਰ ਨੇ ਉਸ ਦੇ ਹਮਲੇ ਨੂੰ ਨਾਕਾਮ ਕਰ ਦਿੱਤਾ। ਬ੍ਰਾਜ਼ੀਲ ਲਈ ਇਹ ਵਿਸ਼ਵ ਕੱਪ ਕਾਫੀ ਨਿਰਾਸ਼ਾਜਨਕ ਰਿਹਾ ਹੈ। ਟੀਮ ਨੇ ਇਸ ਟੂਰਨਾਮੈਂਟ ਵਿੱਚ 14 ਗੋਲ ਖਾਧੇ ਹਨ। ਇਸ ਪਲੇਅ ਆਫ ਮੁਕਾਬਲੇ 'ਚ ਬ੍ਰਾਜ਼ੀਲੀਅਨ ਖਿਡਾਰੀਆਂ ਨੇ ਕੁਝ ਚੰਗੇ ਮੂਵ ਬਣਾਏ ਪਰ ਉਹ ਗੋਲ ਕਰਨ ਵਿੱਚ ਨਾਕਾਮ ਰਹੇ। ਮੇਜ਼ਬਾਨ ਟੀਮ ਨੇ ਪਹਿਲੇ ਆਫ ਵਿੱਚ ਬਾਲ ਨੂੰ ਜ਼ਿਆਦਾਤਰ ਸਮਾਂ ਆਪਣੇ ਕਬਜ਼ੇ 'ਚ ਰੱਖਿਆ ਅਤੇ ਚੰਗੇ ਮੌਕੇ ਬਣਾਏ ਪਰ ਟੀਮ ਇਸ ਨੂੰ ਅੰਜ਼ਾਮ ਤੱਕ ਨਹੀਂ ਪਹੁੰਚਾ ਸਕੀ। ਇਸ ਤੋਂ ਪਹਿਲਾਂ ਕੋਚ ਲੁਇਜ਼ ਫਿਲਿਪ ਸਕੋਲਾਰੀ ਨੇ ਜਰਮਨੀ ਹੱਥੋਂ ਸੈਮੀ ਫਾਈਨਲ ਵਿੱਚ 1-7 ਨਾਲ ਹਾਰ ਦਾ ਮੂੰਹ ਦੇਖਣ ਵਾਲੀ ਬ੍ਰਾਜ਼ੀਲ ਟੀਮ ਵਿੱਚ ਚਾਰ ਬਦਲਾਅ ਕੀਤੇ। ਸਿਲਵਾ ਦੀ ਇਸ ਮੈਚ 'ਚ ਵਾਪਸੀ ਤੈਅ ਸੀ ਪਰ ਕੋਚ ਨੇ ਤਿੰਨ ਨਵੇਂ ਮਿੱਡ ਫੀਲਡਰਾਂ ਵਿਲੀਅਨ, ਰਮੀਰੇਜ਼ ਅਤੇ ਪਾਲਿਨਰੋ ਨੂੰ ਵੀ ਮੈਦਾਨ 'ਚ ਉਤਾਰਿਆ। ਮਾਰਸੇਲੋ, ਡਾਂਟੇ, ਫਰਨਾਂਡਿਨਹੋ, ਰਲਕ, ਬਰਨਾਰਡ ਅਤੇ ਫਰੈਡ ਨੂੰ ਸਕੋਲਾਰੀ ਨੇ ਸ਼ੁਰੂਆਤੀ ਲਾਈਨ ਅੱਪ ਵਿੱਚ ਜਗ੍ਹਾ ਨਹੀਂ ਦਿੱਤੀ। ਓਧਰ ਨੈਦਰਲੈਂਡਜ਼ ਨੂੰ ਮੈਚ ਦੀ ਸ਼ੁਰੂਆਤ ਤੋਂ ਪਹਿਲਾਂ ਝਟਕਾ ਲੱਗਾ ਜਦੋਂ ਮੈਚ ਤੋਂ ਪਹਿਲਾਂ ਵਾਰਮਅੱਪ ਦੌਰਾਨ ਵੈਸਲੇ ਸਨਾਈਡਰ ਦੇ ਸੱਟ ਲੱਗ ਗਈ ਅਤੇ ਉਸ ਨੂੰ ਮੈਚ 'ਚੋਂ ਬਾਹਰ ਹੋਣਾ ਪਿਆ। ਉਸ ਦੀ ਜਗ੍ਹਾ ਜੋਨਾਥਨ ਡੀ ਗੁਜਮੈਨ ਨੂੰ ਉਤਾਰਿਆ ਗਿਆ। ਡੱਚ ਟੀਮ ਦੇ ਕੋਚ ਲੁਇਜ਼ ਵਾਨ ਗਾਲ ਨੇ ਇਸ ਟੂਰਨਾਮੈਂਟ 'ਚ ਆਪਣੀ ਟੀਮ ਦੇ ਪ੍ਰਦਰਸ਼ਨ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਟੀਮ ਤੇ ਸਟਾਫ਼ 'ਤੇ ਮਾਣ ਹੈ।

**ਸਕੋਲਾਰੀ ਨੇ ਭਵਿੱਖ ਦਾ ਫੈਸਲਾ ਕਨਫੈਡਰੇਸ਼ਨ 'ਤੇ ਛੱਡਿਆ**

ਬ੍ਰਾਜ਼ੀਲੀਆ: ਲੁਇਜ਼ ਫਿਲਿਪ ਸਕੋਲਾਰੀ ਨੇ ਵਿਸ਼ਵ ਕੱਪ ਦੇ ਤੀਜੇ ਸਥਾਨ ਦੇ ਪਲੇਅ ਆਫ ਮੁਕਾਬਲੇ ਵਿੱਚ ਵੀ ਨਿਰਾਸ਼ਾਜਨਕ ਹਾਰ ਬਾਅਦ ਬ੍ਰਾਜ਼ੀਲ ਫੁਟਬਾਲ ਟੀਮ ਦੇ ਕੋਚ ਵਜੋਂ ਆਪਣੇ ਭਵਿੱਖ ਦਾ ਫੈਸਲਾ ਬ੍ਰਾਜ਼ੀਲ ਫੁਟਬਾਲ ਕਨਫੈਡਰੇਸ਼ਨ (ਸੀਬੀਐਫ) 'ਤੇ ਛੱਡ ਦਿੱਤਾ ਹੈ। ਸਕੋਲਾਰੀ ਨੇ ਮੈਚ ਬਾਅਦ ਕਿਹਾ, "ਇਸ ਦਾ ਫੈਸਲਾ ਪ੍ਰਧਾਨ ਨੇ ਕਰਨਾ ਹੈ। ਅਸੀਂ ਅੰਤਿਮ ਰਿਪੋਰਟ ਸੌਂਪਾਂਗੇ ਤੇ ਫਿਰ ਮੁਲਾਂਕਣ ਲਈ ਉਨ੍ਹਾਂ 'ਤੇ ਛੱਡ ਦੇਵਾਂਗੇ ਕਿ ਕੀ ਕਰਨ ਦੀ ਲੋੜ ਹੈ। ਮੈਂ ਆਪਣੇ ਭਵਿੱਖ ਬਾਰੇ ਚਰਚਾ ਨਹੀਂ ਕਰਨਾ ਚਾਹੁੰਦਾ।" ਬ੍ਰਾਜ਼ੀਲ ਦੀ ਮੁਹਿੰਮ ਸਮਾਪਤ ਹੋਣ ਦੇ ਨਾਲ ਹੀ ਬ੍ਰਾਜ਼ੀਲ ਫੁਟਬਾਲ ਕਨਫੈਡਰੇਸ਼ਨ ਨਾਲ ਸਕੋਲਾਰੀ ਦਾ ਕਰਾਰ ਸਮਾਪਤ ਹੋ ਗਿਆ ਹੈ।

# ਗਰੀਬ ਦਲਿਤ ਮਹਿਲਾਵਾਂ ਨਾਲ ਹੁੰਦੀਆਂ ਬਲਾਤਕਾਰ ਦੀਆਂ ਘਟਨਾਵਾਂ ਪਿੱਛੇ ਮੁੱਖ ਕਾਰਨ ਘਰਾਂ ਵਿੱਚ ਪਖਾਨਿਆਂ ਦਾ ਨਾ ਹੋਣਾ

## ਗਰੀਬ ਲੋਕਾਂ ਲਈ ਪਖਾਨੇ ਬਣਾਉਣ ਵਿੱਚ ਵੀ ਕਈ ਸੂਬੇ ਪਿੱਛੇ

ਗਰੀਬ ਜਨਤਾ ਲਈ ਜਾਰੀ ਕੀਤੇ ਜਾਂਦੇ ਫੰਡ ਰਾਜ ਸਰਕਾਰਾਂ ਵੱਲੋਂ ਪੂਰੀ ਤਰ੍ਹਾਂ ਨਹੀਂ ਖਰਚੇ ਜਾਂਦੇ ਹਨ ਜਿਸ ਕਾਰਨ ਗਰੀਬ ਸਹੂਲਤਾਂ ਨੂੰ ਤਰਸਦੇ ਹੀ ਰਹਿ ਜਾਂਦੇ ਹਨ। ਕੇਂਦਰ ਸਰਕਾਰ ਵੱਲੋਂ ਮੁਕੰਮਲ ਪਖਾਨਾ ਯੋਜਨਾ ਲਈ ਵੱਖ-ਵੱਖ ਰਾਜ ਸਰਕਾਰਾਂ ਨੂੰ ਉਹਨਾਂ ਦੀਆਂ ਜ਼ਰੂਰਤਾਂ ਮੁਤਾਬਕ ਫੰਡ ਭੇਜੇ ਜਾਂਦੇ ਹਨ ਪਰ ਰਾਜ ਸਰਕਾਰਾਂ ਦੀ ਨਲਾਇਕੀ ਕਾਰਨ ਇਹ ਫੰਡ ਪੂਰੇ ਨਹੀਂ ਖਰਚੇ ਜਾਂਦੇ ਹਨ। ਸਰਕਾਰਾਂ ਦੀ ਨਲਾਇਕੀ ਦਾ ਖਾਮਿਆਜ਼ਾ ਕਈ ਵਾਰ ਗਰੀਬ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਕਿਉਂਕਿ ਜਦੋਂ ਗਰੀਬ ਔਰਤਾਂ ਅਤੇ ਲੜਕੀਆਂ ਨੂੰ ਰਾਤ ਨੂੰ ਕਿਤੇ ਬਾਹਰ ਪਖਾਨੇ ਲਈ ਜਾਣਾ ਪੈਂਦਾ ਹੈ ਤਾਂ ਕਈ ਵਾਰ ਉਹ ਬਲਾਤਕਾਰ ਵਰਗੀਆਂ ਭਿਆਨਕ ਘਟਨਾਵਾਂ ਦਾ ਸ਼ਿਕਾਰ ਹੋ ਜਾਂਦੀਆ ਹਨ। ਪਿਛਲੇ ਸਮੇਂ ਦੌਰਾਨ ਹਰਿਆਣਾ, ਉਤਰ ਪ੍ਰਦੇਸ਼ ਆਦਿ ਸੂਬਿਆਂ ਵਿੱਚ ਵਾਪਰੀਆਂ ਬਲਾਤਕਾਰ ਦੀਆਂ ਘਟਨਾਵਾਂ ਦਾ ਸਿੱਧਾ ਸਬੰਧ ਪਖਾਨਿਆਂ ਦੀ ਸਹੂਲਤ ਦੀ ਘਾਟ ਨਾਲ ਹੀ ਹੈ। ਜੇਕਰ ਰਾਜ ਸਰਕਾਰਾਂ ਆਪਣੀ ਜ਼ਿੰਮੇਵਾਰੀ ਸਮਝ ਕੇ ਗਰੀਬਾਂ ਦੇ ਘਰਾਂ ਵਿੱਚ ਪਖਾਨੇ ਬਣਾ ਦੇਣ ਤਾਂ ਅਜਿਹੀ ਦੁਖਦਾਈ ਘਟਨਾ ਨਾ ਵਾਪਰੇ। ਜੇਕਰ ਮੁਕੰਮਲ ਪਖਾਨਾ ਯੋਜਨਾਂ ਦੇ ਫੰਡਾਂ ਬਾਰੇ ਗੱਲ ਕਰੀਏ ਤਾਂ ਇਹਨਾਂ ਫੰਡਾਂ ਦੀ ਕੋਈ ਘਾਟ ਨਹੀਂ ਹੈ। ਜੇਕਰ ਇਨ੍ਹਾਂ ਫੰਡਾਂ ਦੀ ਹੋ ਰਹੀ ਵਰਤੋਂ ਬਾਰੇ ਵੇਖੀਏ ਤਾਂ ਆਂਧਰਾ ਪ੍ਰਦੇਸ਼ ਲਈ ਸਾਲ 2013-14 ਵਿੱਚ 16734.41 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 14524.22 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 39124.87 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 11611.73 ਲੱਖ ਰੁਪਏ (29.68%) ਖਰਚ ਕੀਤੇ ਗਏ ਹਨ। ਅਰੁਣਾਚਲ ਪ੍ਰਦੇਸ਼ ਲਈ ਸਾਲ 2013-14 ਵਿੱਚ 518.53 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 1740.97 ਲੱਖ ਰੁਪਏ ਹੋ ਗਏ ਜਿਸ ਵਿੱਚੋਂ 1254.85 ਲੱਖ ਰੁਪਏ (72.08%) ਖਰਚ ਕੀਤੇ ਗਏ ਹਨ। ਆਸਾਮ ਲਈ ਸਾਲ 2013-14 ਵਿੱਚ 17714.66 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 4180.97 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 16998.36 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 6704.53 ਲੱਖ ਰੁਪਏ (39.44%) ਖਰਚ ਕੀਤੇ ਗਏ ਹਨ। ਬਿਹਾਰ ਲਈ ਸਾਲ 2013-14 ਵਿੱਚ 13537.49 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 35917.09 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 11574.82 ਲੱਖ ਰੁਪਏ (32.23%) ਖਰਚ ਕੀਤੇ ਗਏ ਹਨ। ਛਤੀਸਗੜ੍ਹ ਲਈ ਸਾਲ 2013-14 ਵਿੱਚ 2781.82 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 7962.92 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 3277.72 ਲੱਖ ਰੁਪਏ (41.16%) ਖਰਚ ਕੀਤੇ ਗਏ ਹਨ। ਦਾਦਰ ਅਤੇ ਨਾਗਰ ਹਵੇਲੀ ਲਈ ਸਾਲ 2013-14 ਵਿੱਚ ਕੋਈ ਫੰਡ ਨਹੀ ਰੱਖਿਆ ਗਿਆ ਜਦਕਿ ਪਿਛਲਾ ਬਕਾਇਆ ਫੰਡ 1.48 ਲੱਖ ਰੁਪਏ ਖਰਚ ਨਹੀਂ ਕੀਤੇ ਗਏ ਹਨ। ਗੋਆ ਲਈ ਸਾਲ 2013-14 ਵਿੱਚ 791.69 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ ਜਦਕਿ ਪਿਛਲਾ ਬਕਾਇਆ ਫੰਡ 43.88 ਲੱਖ ਰੁਪਏ ਖਰਚ ਨਹੀਂ ਕੀਤੇ ਗਏ ਹਨ। ਗੁਜ਼ਰਾਤ ਲਈ ਸਾਲ 2013-14 ਵਿੱਚ 18393.81 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 5264.10 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 10002.10 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 5056.86 ਲੱਖ ਰੁਪਏ (50.56%) ਖਰਚ ਕੀਤੇ ਗਏ ਹਨ। ਹਰਿਆਣਾ ਲਈ ਸਾਲ 2013-14 ਵਿੱਚ 26235.01 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 13117.51 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 13745.12 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 3561.50 ਲੱਖ ਰੁਪਏ (25.91%) ਖਰਚ ਕੀਤੇ ਗਏ ਹਨ। ਹਿਮਾਚਲ ਪ੍ਰਦੇਸ਼ ਲਈ ਸਾਲ 2013-14 ਵਿੱਚ 6099.47 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 3049.74 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 4113.47 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 2261.76 ਲੱਖ ਰੁਪਏ (54.98%) ਖਰਚ ਕੀਤੇ ਗਏ ਹਨ। ਜੰਮੂ ਅਤੇ ਕਸ਼ਮੀਰ ਲਈ ਸਾਲ 2013-14 ਵਿੱਚ 7914.40 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 3957.20 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 5119.88 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 3294.03 ਲੱਖ ਰੁਪਏ (64.34%) ਖਰਚ ਕੀਤੇ ਗਏ ਹਨ। ਝਾਰਖੰਡ ਲਈ ਸਾਲ 2013-14 ਵਿੱਚ 8788.24 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 13215.85 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 4022.36 ਲੱਖ ਰੁਪਏ (30.44%) ਖਰਚ ਕੀਤੇ ਗਏ ਹਨ। ਕਰਨਾਟਕਾ ਲਈ ਸਾਲ 2013-14 ਵਿੱਚ 6594.68 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 6594.68 ਲੱਖ ਰੁਪਏ ਹੀ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 22931.23 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 11814.12 ਲੱਖ ਰੁਪਏ (51.52%) ਖਰਚ ਕੀਤੇ ਗਏ ਹਨ। ਕੇਰਲਾ ਲਈ ਸਾਲ 2013-14 ਵਿੱਚ 4301.20 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 4301.20 ਲੱਖ ਰੁਪਏ ਹੀ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 4881.65 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 2510.83 ਲੱਖ ਰੁਪਏ (51.43%) ਖਰਚ ਕੀਤੇ ਗਏ ਹਨ। ਮੱਧ ਪ੍ਰਦੇਸ਼ ਲਈ ਸਾਲ 2013-14 ਵਿੱਚ 66038.88 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 66038.88 ਲੱਖ ਰੁਪਏ ਹੀ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 80153.78 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 24785.54 ਲੱਖ ਰੁਪਏ (30.92%) ਖਰਚ ਕੀਤੇ ਗਏ ਹਨ। ਮਹਾਰਾਸ਼ਟਰ ਲਈ ਸਾਲ 2013-14 ਵਿੱਚ 15161.04 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 3646.30 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 15644.70 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 10967.97 ਲੱਖ ਰੁਪਏ (70.11%) ਖਰਚ ਕੀਤੇ ਗਏ ਹਨ। ਮਨੀਪੁਰ ਲਈ ਸਾਲ 2013-14 ਵਿੱਚ ਕੋਈ ਫੰਡ ਨਹੀਂ ਰੱਖਿਆ ਗਿਆ ਪਰ ਪਿਛਲੇ ਬਕਾਇਆ ਫੰਡ 2650.14 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 1083.02 ਲੱਖ ਰੁਪਏ (40.87%) ਖਰਚ ਕੀਤੇ ਗਏ ਹਨ। ਮੇਘਾਲਿਆ ਲਈ ਸਾਲ 2013-14 ਵਿੱਚ 10303.66 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 10303.65 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 12213.31 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 4241.52 ਲੱਖ ਰੁਪਏ (34.73%) ਖਰਚ ਕੀਤੇ ਗਏ ਹਨ। ਮਿਜ਼ੋਰਮ ਲਈ ਸਾਲ 2013-14 ਵਿੱਚ 805.87 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 805.88 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 1348.20 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 395.63 ਲੱਖ ਰੁਪਏ (29.35%) ਖਰਚ ਕੀਤੇ ਗਏ ਹਨ। ਨਾਗਾਲੈਂਡ ਲਈ ਸਾਲ 2013-14 ਵਿੱਚ ਕੋਈ ਫੰਡ ਨਹੀਂ ਰੱਖਿਆ ਗਿਆ ਪਰ ਪਿਛਲੇ ਬਕਾਇਆ ਫੰਡ 1825.06 ਲੱਖ ਰੁਪਏ ਪਏ ਸਨ ਜਿਸ ਵਿੱਚੋਂ 1780.75 ਲੱਖ ਰੁਪਏ (97.57%) ਖਰਚ ਕੀਤੇ ਗਏ ਹਨ। ਉੜੀਸਾ ਲਈ ਸਾਲ 2013-14 ਵਿੱਚ 12061.02 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 17610.54 ਲੱਖ ਰੁਪਏ ਪਏ ਸਨ ਜਿਸ ਵਿੱ-ਚੋਂ ਸਿਰਫ 1851.58 ਲੱਖ ਰੁਪਏ (10.51%) ਖਰਚ ਕੀਤੇ ਗਏ ਹਨ। ਪੁਡੂਚੇਰੀ ਲਈ ਸਾਲ 2013-14 ਵਿੱਚ ਕੋਈ ਫੰਡ ਨਹੀਂ ਰੱਖਿਆ ਗਿਆ ਪਰ ਪਿਛਲੇ ਬਕਾਇਆ ਫੰਡ 23.12 ਲੱਖ ਰੁਪਏ ਵਿੱਚੋਂ ਵੀ ਕੋਈ ਰੁਪਿਆ ਖਰਚ ਨਹੀਂ ਕੀਤਾ ਗਿਆ ਹੈ। ਪੰਜਾਬ ਲਈ ਸਾਲ 2013-14 ਵਿੱਚ 2250.73 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 1391.78 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 287.43 ਲੱਖ ਰੁਪਏ (20.65%) ਖਰਚ ਕੀਤੇ ਗਏ ਹਨ।



ਕੁਲਦੀਪ ਚੰਦ
94175-63054

ਰਾਜਸਥਾਨ ਲਈ ਸਾਲ 2013-14 ਵਿੱਚ 14470.06 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 15138.49 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਜਿਸ ਵਿੱਚੋਂ ਸਿਰਫ 7162.29 ਲੱਖ ਰੁਪਏ (47.31%) ਖਰਚ ਕੀਤੇ ਗਏ ਹਨ।

ਸਿੱਕਮ ਲਈ ਸਾਲ 2013-14 ਵਿੱਚ 825.05 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 825.06 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 1105.44 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 482.69 ਲੱਖ ਰੁਪਏ (43.66%) ਖਰਚ ਕੀਤੇ ਗਏ ਹਨ। ਤਾਮਿਲਨਾਡੂ ਲਈ ਸਾਲ 2013-14 ਵਿੱਚ 31192.31 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 31192.30 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 38272.28 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 16717.44 ਲੱਖ ਰੁਪਏ (43.68%) ਖਰਚ ਕੀਤੇ ਗਏ ਹਨ। ਤ੍ਰਿਪੁਰਾ ਲਈ ਸਾਲ 2013-14 ਵਿੱਚ 3296.52 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 1401.41 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 2066.58 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 490.15 ਲੱਖ ਰੁਪਏ (23.72%) ਖਰਚ ਕੀਤੇ ਗਏ ਹਨ। ਉੱਤਰ ਪ੍ਰਦੇਸ਼ ਲਈ ਸਾਲ 2013-14 ਵਿੱਚ 75263.16 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 37631.58 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 54402.40 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 25095.64 ਲੱਖ ਰੁਪਏ (46.13%) ਖਰਚ ਕੀਤੇ ਗਏ ਹਨ। ਉਤਰਾਖੰਡ ਲਈ ਸਾਲ 2013-14 ਵਿੱਚ 2056.42 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 528.05 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 2505.47 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 1731.33 ਲੱਖ ਰੁਪਏ (69.10%) ਖਰਚ ਕੀਤੇ ਗਏ ਹਨ। ਪੱਛਮੀ ਬੰਗਾਲ ਲਈ ਸਾਲ 2013-14 ਵਿੱਚ 24234.16 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 11147.11 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 30758.67 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 18092.01 ਲੱਖ ਰੁਪਏ (58.82%) ਖਰਚ ਕੀਤੇ ਗਏ ਹਨ। ਜੇਕਰ ਸਾਰੇ ਦੇਸ਼ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਸਾਲ 2013-14 ਵਿੱਚ ਸਾਰੇ ਦੇਸ਼ ਲਈ 388364.29 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 219028.37 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਫੰਡਾਂ ਨਾਲ ਮਿਲਕੇ 452908.83 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 182110.10 ਲੱਖ ਰੁਪਏ (40.21%) ਖਰਚ ਕੀਤੇ ਗਏ ਹਨ। ਵੱਖ ਵੱਖ ੂਬਿਆਂ ਵਿੱਚ ਵਾਪਰਦੀਆਂ ਮਹਿਲਾਵਾਂ ਨਲ ਬਲਾਤਕਾਰ ਦੀਆਂ ਘਟਨਾਵਾਂ ਨੂੰ ਲੈ ਕੇ ਬੇਸ਼ੱਕ ਰਾਜਨੀਤੀਵਾਨ ਅਪਣੀ ਰਾਜਨੀਤੀ ਚਮਕਾਉਣ ਲਈ ਕਰੜੀ ਵਿਰੋਧਤਾ ਕਰਦੇ ਹਨ ਪਰੰਤੂ ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਸੂਬਿਆਂ ਨੇ ਇਨ੍ਹਾਂ ਫੰਡਾਂ ਨੂੰ ਖਰਚਣ ਵਿੱਚ ਕੰਜੂਸੀ ਵਿਖਾਈ ਹੈ ਅਤੇ ਅਸਿੱਧੇ ਰੂਪ ਵਿੱਚ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਕੰਮ ਨਹੀਂ ਕੀਤਾ ਹੈ ਉਨ੍ਹਾਂ ਦੀ ਭੂਮਿਕਾ ਬਾਰੇ ਚੁੱਪ ਹੀ ਹਨ।

# ਸੁਖਬੀਰ ਸਿੰਘ ਬਾਦਲ ਵਲੋਂ ਇਕ ਸਹਾਇਕ ਆਬਕਾਰੀ ਤੇ ਕਰ ਕਮਿਸਨਰ ਤੇ 3 ਈ.ਟੀ.ਓ.ਜਬਰੀ ਸੇਵਾ ਮੁਕਤ ਕਰਨ ਦੇ ਹੁਕਮ

ਚੰਡੀਗੜ੍ਹ- ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਜਿਨ੍ਹਾਂ ਕੋਲ ਕਰ ਤੇ ਆਬਕਾਰੀ ਵਿਭਾਗ ਦਾ ਵੀ ਚਾਰਜ ਨੇ ਭ੍ਰਿਸ਼ਟਾਚਾਰ ਤੇ ਨਿਕੰਮੀ ਕਾਰਗੁਜ਼ਾਰੀ ਵਾਲੇ ਇਕ ਸਹਾਇਕ ਅਬਕਾਰੀ ਤੇ ਕਰ ਕਮਿਸ਼ਨਰ ਤੋਂ ਇਲਾਵਾ ਜਿੱਥੇ 3 (ਈ. ਟੀ. ਓਜ਼) ਕਰ ਤੇ ਆਬਕਾਰੀ ਅਧਿਕਾਰੀਆਂ ਨੂੰ ਜਬਰੀ ਸੇਵਾ ਮੁਕਤੀ ਕਰਨ ਦੇ ਹੁਕਮ ਦਿੱਤੇ ਹਨ ਉੱਥੇ ਇਕ ਈ.ਟੀ.ਓ. ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਵੀ ਆਦੇਸ਼ ਦਿੱਤੇ ਹਨ।

ਇਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਸਹਾਇਕ ਅਬਕਾਰੀ ਤੇ ਕਰ ਕਮਿਸ਼ਨਰ ਡੀ. ਐਸ. ਗਿੱਲ ਜੋ ਕਿ ਪਟਿਆਲਾ ਵਿਖੇ ਸੀਨੀਅਰ ਆਡੀਟਰ, ਈ. ਟੀ. ਓਜ਼ ਸੁਰਿੰਦਰ ਕੁਮਾਰ ਅਗਰਵਾਲ ਮੋਹਾਲੀ , ਸ੍ਰੀਮਤੀ ਉਰਵਸ਼ੀ ਗੋਇਲ ਲੁਧਿਆਣਾ ਤੇ ਹਰਪ੍ਰੀਤ ਸਿੰਘ ਪਟਿਆਲਾ ਵਿਖੇ ਤਾਇਨਾਤ ਸਨ, ਨੂੰ ਘਟੀਆ ਕਾਰਗੁਜ਼ਾਰੀ ਦੇ ਚਲਦਿਆਂ ਜਬਰੀ ਸੇਵਾ ਮੁਕਤ ਕਰਨ ਦੇ ਹੁਕਮ ਦਿੱਤੇ ਗਏ ਹਨ। ਬੁਲਾਰੇ ਨੇ ਕਿਹਾ ਕਿ ਪੰਜਾਬ ਸਿਵਲ ਸੇਵਾ ਨਿਯਮਾਂਵਲੀ (ਪ੍ਰੀਮਚਿਓਰ ਰਿਟਾਇਰਮੈਂਟ) 1975 ਤਹਿਤ ਗਰੁੱਪ 'ਏ' ਤੇ 'ਬੀ' ਦੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਸਮੇਂ -ਸਮੇਂ 'ਤੇ ਪੜਤਾਲ ਹੁੰਦੀ ਹੈ ਤੇ ਨਿਕੰਮੀ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ ਨੂੰ ਜਬਰੀ ਸੇਵਾ ਮੁਕਤ ਕੀਤਾ ਜਾ ਸਕਦਾ ਹੈ।

ਬਰਖਾਸਤ ਕੀਤਾ ਗਿਆ ਈ.ਟੀ.ਓ. ਬਲਜਿੰਦਰ ਸਿੰਘ ਅਜੇ ਪ੍ਰੋਬੇਸ਼ਨ ਪੀਰੀਅਡ ਪਰਖ ਕਾਲ ਸਮੇਂ ਦੌਰਾਨ ਸੀ 2012 ਵਿਚ ਭਰਤੀ ਹੋਇਆ ਸੀ। ਉਸ ਵਿਰੁੱਧ ਡੀਲਰ ਭੂਸ਼ਣ ਅਗਰਵਾਲ ਵਲੋਂ ਇਕ ਲੱਖ ਰੁਪੈ ਦੀ ਰਿਸ਼ਵਤ ਲੈਣ ਦੀ ਸ਼ਿਕਾਇਤ ਕੀਤੀ ਗਈ ਸੀ ਤੇ ਸ਼ਿਕਾਇਤ ਕਰਤਾ ਵਲੋਂ ਉਕਤ ਈ.ਟੀ.ਓ. ਨਾਲ ਗੱਲਬਾਤ ਦੀ ਰਿਕਾਰਡਿੰਗ ਵੀ ਪੇਸ਼ ਕੀਤੀ ਗਈ ਸੀ।

ਇਸ ਸਾਰੇ ਮਾਮਲੇ ਦੀ ਉਪ ਕਰ ਤੇ ਅਬਕਾਰੀ ਕਮਿਸ਼ਨਰ , ਜਲੰਧਰ ਡਿਵੀਜ਼ਨ ਸਰੋਜਨੀ ਗੌਤਮ ਸ਼ਾਰਦਾ ਵਲੋਂ ਜਾਂਚ ਕੀਤੀ ਗਈ, ਜਿਸ ਦੌਰਾਨ ਬਲਜਿੰਦਰ ਸਿੰਘ ਵਲੋਂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਗਿਆ, ਪਰ ਜਾਂਚ ਅਧਿਕਾਰੀ ਵਲੋਂ ਪਾਇਆ ਗਿਆ ਕਿ ਉਕਤ ਈ. ਟੀ. ਓ. ਕੋਲ ਭੂਸ਼ਣ ਅਗਰਵਾਲ ਦਾ ਕੇਸ ਬਕਾਇਆ ਸੀ ਤੇ ਉਹ ਦੋਵੇਂ ਇਕ ਰੈਸਟੋਰੈਂਟ ਵਿਚ ਮਿਲੇ ਸਨ।

ਇਸ ਮੌਕੇ ਕੀਤੀ ਗਈ ਰਿਕਾਰਡਿੰਗ ਤੋਂ ਇਹ ਸਪੱਸ਼ਟ ਹੋ ਗਿਆ ਕਿ ਪੈਸੇ ਦਾ ਲੈਣ ਦੇਣ ਹੋਇਆ ਸੀ। ਇਸ ਸਾਰੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਪ ਮੁੱਖ ਮੰਤਰੀ ਵਲੋਂ ਉਸਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਹੁਕਮ ਦਿੱਤੇ ਗਏ ਹਨ।

ਬੁਲਾਰੇ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਰ ਤੇ ਆਬਕਾਰੀ ਵਿਭਾਗ ਵਿਚ ਵਿਭਾਗ ਦੇ ਕਿਸੇ ਵੀ ਅਧਿਕਾਰੀ ਵਿਰੁੱਧ ਸ਼ਿਕਾਇਤ ਕਰਨ ਲਈ ਟੋਲ ਫ੍ਰੀ ਨੰਬਰ 18002582580 ਸ਼ੁਰੂ ਕੀਤਾ ਗਿਆ ਹੈ।

-----------------

# ਪੰਚਾਇਤੀ ਜ਼ਮੀਨ ਕਾਰਨ ਪਿੰਡ ਝੱਖੜਵਾਲਾ ਵਿੱਚ ਪੰਚਾਇਤ ਤੇ ਦਲਿਤਾਂ ਦਰਮਿਆਨ ਟਕਰਾਅ

## ਦਲਿਤ ਪਰਿਵਾਰਾਂ ਦੇ ਦਰਜਨਾਂ ਮਕਾਨ ਢਾਹੇ, ਬਿਨਾਂ ਕਿਸੇ ਚਿਤਾਵਨੀ ਤੋਂ ਕੀਤੀ ਕਾਰਵਾਈ

ਫ਼ਰੀਦਕੋਟ- ਜ਼ਿਲ੍ਹੇ ਦੇ ਪਿੰਡ ਝੱਖੜਵਾਲਾ ਵਿੱਚ ਦਲਿਤਾਂ ਅਤੇ ਪੰਚਾਇਤ ਦਰਮਿਆਨ ਪੰਚਾਇਤੀ ਜ਼ਮੀਨ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਅੱਜ ਟਕਰਾਅ ਵਿੱਚ ਬਦਲ ਲਿਆ। ਪਿੰਡ ਦੇ ਦਲਿਤ ਪਰਿਵਾਰ ਪੰਚਾਇਤ ਦੀ ਚਾਰ ਏਕੜ ਜ਼ਮੀਨ ਉੱਪਰ ਕਾਬਜ਼ ਹਨ ਅਤੇ ਇਸ ਜ਼ਮੀਨ ਉੱਪਰ ਉਨ੍ਹਾਂ ਨੇ ਘਰ ਬਣਾਏ ਹੋਏ ਹਨ ਪਰ ਪੰਚਾਇਤ ਨੇ ਪ੍ਰਸ਼ਾਸਨ ਤੇ ਪੁਲੀਸ ਦੀ ਮੱਦਦ ਨਾਲ ਮਜ਼ਦੂਰਾਂ ਦੇ ਬਣੇ ਦਰਜਨਾਂ ਘਰ ਢਾਹ ਦਿੱਤੇ ਅਤੇ ਇਹ ਚਾਰ ਕਿੱਲੇ ਜ਼ਮੀਨ ਠੇਕੇ 'ਤੇ ਇੱਕ ਵਿਅਕਤੀ ਨੂੰ ਵਾਹੀ ਲਈ ਅਲਾਟ ਕਰ ਦਿੱਤੀ।

ਮਜ਼ਦੂਰ ਔਰਤ ਰਿੰਪੀ ਕੌਰ, ਤੇਜ ਕੌਰ, ਰਾਣੀ, ਦਰਸ਼ਨ ਸਿੰਘ ਤੇ ਬਿੱਲੂ ਸਿੰਘ ਨੇ ਦੱਸਿਆ ਕਿ ਚਾਰ ਕਿੱਲਿਆਂ ਵਿੱਚ ਸੌ ਦੇ ਕਰੀਬ ਘਰ ਬਣੇ ਸਨ ਜਿਸ ਵਿੱਚ ਛੇ ਸੌ ਦੇ ਕਰੀਬ ਲੋਕ ਰਹਿ ਰਹੇ ਸਨ। ਇਨ੍ਹਾਂ ਨੂੰ ਪ੍ਰਸ਼ਾਸਨ ਨੇ ਬੇਘਰ ਕਰ ਦਿੱਤਾ ਹੈ। ਔਰਤਾਂ ਨੇ ਕਿਹਾ ਕਿ ਪੰਚਾਇਤ ਰਾਜ ਐਕਟ ਤਹਿਤ ਪਿੰਡ ਦੀ ਕੁੱਲ ਪੰਚਾਇਤੀ ਜ਼ਮੀਨ ਵਿੱਚ ਤੀਜੇ ਹਿੱਸੇ ਉੱਪਰ ਦਲਿਤ ਪਰਿਵਾਰਾਂ ਦਾ ਹੱਕ ਬਣਦਾ ਹੈ। ਇਸੇ ਹੱਕ ਤਹਿਤ ਉਨ੍ਹਾਂ ਨੇ ਚਾਰ ਏਕੜ ਜ਼ਮੀਨ ਉੱਪਰ ਆਪਣੇ ਘਰ ਬਣਾਏ ਸਨ ਜੋ ਅੱਜ ਪੰਚਾਇਤ ਨੇ ਪ੍ਰਸ਼ਾਸਨ ਦੀ ਮੱਦਦ ਨਾਲ ਢਾਹ ਦਿੱਤੇ ਅਤੇ ਮਜ਼ਦੂਰਾਂ ਦੀਆਂ ਝੁੱਗੀਆਂ ਨੂੰ ਅੱਗ ਲਾ ਦਿੱਤੀ। ਮਜ਼ਦੂਰਾਂ ਨੇ ਕਿਹਾ ਕਿ ਉਨ੍ਹਾਂ ਦੇ ਘਰ ਢਾਹੁਣ ਤੋਂ ਪਹਿਲਾਂ ਪ੍ਰਸ਼ਾਸਨ ਨੇ ਕੋਈ ਚੇਤਾਵਨੀ ਨਹੀਂ ਦਿੱਤੀ।



ਪ੍ਰਸ਼ਾਸਨ ਨੇ ਗੈਰ ਮਨੁੱਖੀ ਤਰੀਕੇ ਨਾਲ ਉਨ੍ਹਾਂ ਦੇ ਘਰ ਢਾਹੇ ਅਤੇ ਮਜ਼ਦੂਰਾਂ ਦਾ ਸਾਮਾਨ ਵੀ ਟਰਾਲੀਆਂ 'ਤੇ ਚੁੱਕ ਕੇ ਲੈ ਗਏ। ਘਰ ਢਾਹੁਣ ਤੋਂ ਬਾਅਦ ਮਜ਼ਦੂਰਾਂ ਦੀ ਕਬਜ਼ੇ ਹੇਠਲੀ ਜ਼ਮੀਨ ਨੂੰ ਪ੍ਰਸ਼ਾਸਨ ਨੇ ਵਾਹ ਦਿੱਤਾ ਹੈ ਤਾਂ ਕਿ ਉਸ ਉੱਪਰ ਕਾਸ਼ਤ ਕੀਤੀ ਜਾ ਸਕੇ।

ਅੱਜ ਮਜ਼ਦੂਰਾਂ ਦੇ ਘਰ ਢਾਹੁਣ ਵੇਲੇ ਪੰਚਾਇਤ ਤੇ ਮਜ਼ਦੂਰਾਂ ਦਰਮਿਆਨ ਟਕਰਾਅ ਹੋਇਆ ਅਤੇ ਇੱਟਾਂ ਰੋੜੇ ਚੱਲੇ। ਇਸ ਵਿੱਚ ਦਰਸ਼ਨ ਸਿੰਘ ਅਤੇ ਬਿੱਲੂ ਸਿੰਘ ਦੇ ਸੱਟਾਂ ਵੱਜੀਆਂ। ਬੀ.ਡੀ.ਪੀ.ਓ. ਛਤਰਪਾਲ ਸਿੰਘ ਨੇ ਕਿਹਾ ਕਿ ਪੰਚਾਇਤੀ ਜ਼ਮੀਨ ਨਿਯਮਾਂ ਅਨੁਸਾਰ ਠੇਕੇ ਉੱਪਰ ਦਿੱਤੀ ਗਈ ਹੈ। ਦੂਜੇ ਪਾਸੇ ਮਜ਼ਦੂਰਾਂ ਨੇ ਪ੍ਰਸ਼ਾਸਨ ਖ਼ਿਲਾਫ਼ ਅੱਜ ਇੱਥੇ ਮੀਟਿੰਗ ਕੀਤੀ ਅਤੇ ਐਲਾਨ ਕੀਤਾ ਕਿ ਉਹ ਆਪਣੇ ਹਿੱਸੇ ਦੀ ਜ਼ਮੀਨ ਦੀ ਹਰ ਹਾਲਤ ਵਿੱਚ ਹਾਸਲ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਸਿਆਸੀ ਦਬਾਅ ਹੇਠ ਕੰਮ ਕਰ ਰਿਹਾ ਹੈ ਕਿਉਂਕਿ ਚੋਣਾਂ ਦੌਰਾਨ ਉਨ੍ਹਾਂ ਨੇ ਹਾਕਮ ਧਿਰ ਦੇ ਉਮੀਦਵਾਰਾਂ ਦਾ ਡਟ ਕੇ ਵਿਰੋਧ ਕੀਤਾ ਸੀ।

**ਜ਼ਮੀਨ 'ਤੇ ਦਲਿਤਾਂ ਦਾ ਕੋਈ ਹੱਕ ਨਹੀਂ: ਡੀਸੀ**

ਡਿਪਟੀ ਕਮਿਸ਼ਨਰ ਮੁਹੰਮਦ ਤਈਅਬ ਨੇ ਕਿਹਾ ਕਿ ਮਜ਼ਦੂਰਾਂ ਨੇ ਜ਼ਮੀਨ ਉੱਪਰ ਨਾਜਾਇਜ਼ ਕਬਜ਼ਾ ਕੀਤਾ ਸੀ ਜਿਸ ਨੂੰ ਛੁਡਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਬਜ਼ੇ ਵਾਲੀ ਜ਼ਮੀਨ ਉੱਪਰ ਦਲਿਤ ਪਰਿਵਾਰਾਂ ਦਾ ਕੋਈ ਹੱਕ ਨਹੀਂ ਬਣਦਾ ਸੀ। ਇਸੇ ਲਈ ਇਹ ਜ਼ਮੀਨ ਖ਼ਾਲੀ ਕਰਵਾਈ ਗਈ ਹੈ।

# ਮੋਰੀ ਰੁਣ-ਝੁਣ ਲਾਇਆ ਭੈਣੇ ਸਾਵਣੁ ਆਇਆ



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ-ਸ਼੍ਰਵਣ, ਨਛੱਤ੍ਰ ਹੋਵੇ, ਜਿਸ ਦੀ ਪੂਰਨਮਾਸ਼ੀ 'ਚ ਐਸਾ ਮਹੀਨਾ ਹੈ ਸਾਉਣ।

ਸਾਡੇ ਲੋਕ ਸਭਿਆਚਾਰ ਵਿਚ ਸਾਉਣ ਦੇ ਮਹੀਨੇ ਨੂੰ ਗਿੱਧਿਆਂ ਦੀ ਰੁੱਤ ਕਰਕੇ ਜਾਣਿਆ ਜਾਂਦਾ ਹੈ। ਇਹ ਮਹੀਨਾ ਇਕ ਅਜਿਹਾ ਮਹੀਨਾ ਹੈ, ਜਿਸ ਵਿਚ ਸਾਡੇ ਪੰਜਾਬੀ ਸੱਭਿਆਚਾਰ ਦੀਆਂ ਕਈ ਗੱਲਾਂ ਆ ਜਾਂਦੀਆਂ ਹਨ, ਜਿਵੇਂ ਸਾਉਣ ਦੀ ਝੜੀ, ਜੋ ਫਸਲ ਲਈ ਲਾਭਦਾਇਕ ਹੈ। ਬਾਰਿਸ਼ ਪੈਣ ਨਾਲ ਫਸਲਾਂ ਹਰੀਆਂ-ਭਰੀਆਂ ਲੱਗਣ ਲੱਗ ਜਾਂਦੀਆਂ ਹਨ। ਸੁੱਕੇ ਦਰੱਖਤ, ਘਾਹ ਹਰੇ ਹੋ ਜਾਂਦੇ ਹਨ। ਦਰੱਖਤਾਂ ਦੀ ਮਿੱਟੀ ਬਾਰਿਸ਼ ਪੈਣ ਨਾਲ ਝੜ ਜਾਂਦੀ ਹੈ। ਜੇਠ-ਹਾੜ ਦੀਆਂ ਧੁੱਪਾਂ ਦੇ ਝੁਲਸੇ ਹੋਏ ਪਸ਼ੂ-ਪੰਛੀ ਅਤੇ ਮਨੁੱਖ ਸਾਉਣ ਦੇ ਮਹੀਨੇ ਵਿਚ ਮੀਂਹ ਪੈਣ ਨਾਲ ਰਾਹਤ ਮਹਿਸੂਸ ਕਰਦੇ ਹਨ।

ਸਾਉਣ ਮਹੀਨੇ ਦੀ ਆਮਦ 'ਤੇ ਭਾਵੇਂ ਸਾਰੇ ਭਾਰਤ ਵਿਚ ਖੁਸ਼ੀ ਮਨਾਈ ਜਾਂਦੀ ਹੈ ਪਰ ਪੰਜਾਬ ਵਿਚ ਇਹ ਮਹੀਨਾ ਬਹੁਤ ਹਰਮਨਪਿਆਰਾ ਹੈ। ਪੰਜਾਬ ਵਿਚ ਇਸ ਮਹੀਨੇ ਮੇਲੇ ਲੱਗਦੇ ਹਨ। ਕਬੱਡੀ ਦੇ ਮੁਕਾਬਲੇ, ਪਹਿਲਵਾਨਾਂ ਦੇ ਘੋਲ (ਕੁਸ਼ਤੀ) ਮੇਲਿਆਂ ਦੀ ਖਿਚ ਹੁੰਦੇ ਹਨ। ਢੋਲ ਦੇ ਡਗੇ 'ਤੇ ਗੱਭਰੂਆਂ ਦਾ ਭੰਗੜਾ ਧਰਤੀ ਹਿਲਾ ਦਿੰਦਾ ਹੈ। ਇਹ ਮਹੀਨਾ ਮੁਟਿਆਰਾਂ ਦੇ ਪ੍ਰਸਿੱਧ ਤਿਉਹਾਰ 'ਤੀਆਂ ਦੇ ਤਿਉਹਾਰ' ਵਜੋਂ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਆਰੰਭ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ ਤਕ ਚੱਲਦਾ ਹੈ। ਤੀਆਂ ਤੋਂ ਕੁਝ ਦਿਨ ਪਹਿਲਾਂ ਨਵੀਆਂ ਵਿਆਹੀਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰਿਆਂ ਤੋਂ ਲੈ ਜਾਂਦੇ ਹਨ। ਜੇਕਰ ਕਿਸੇ ਬਦਨਸੀਬ ਭੈਣ ਦਾ ਵੀਰ ਕਿਸੇ ਕਾਰਨ ਤੀਆਂ ਨੂੰ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਨੂੰ ਆਪਣੀ ਸੱਸ ਦੇ ਤਾਅਨੇ-ਮਿਹਣੇ ਸੁਣਨੇ ਪੈਂਦੇ ਹਨ :

ਤੈਨੂੰ ਤੀਆਂ 'ਤੇ ਲੈਣ ਨਾ ਆਏ, ਨੀ ਬਹੁਤਿਆਂ ਭਰਾਵਾਂ ਵਾਲੀਏ।

ਜਿਹੜੀਆਂ ਕੁੜੀਆਂ (ਮੁਟਿਆਰਾਂ) ਸਹੁਰੇ ਘਰ ਹੀ ਰਹਿੰਦੀਆਂ ਹਨ, ਪੇਕੇ ਘਰ ਕਿਸੇ ਮਜਬੂਰੀ ਕਾਰਨ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਮਾਂ-ਪਿਓ, ਭਰਾਵਾਂ ਵਲੋਂ ਸੰਧਾਰਾ ਦਿੱਤਾ ਜਾਂਦਾ ਹੈ, ਜਿਸ ਵਿਚ ਮਠਿਆਈ, ਕੱਪੜੇ, ਮੱਠੀਆਂ, ਰਿਓੜੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਗਹਿਣੇ ਤੇ ਹੋਰ ਵਸਤਾਂ ਦੇਖ ਕੇ ਮੁਟਿਆਰ ਨੂੰ ਚਾਅ ਚੜ੍ਹ ਜਾਂਦਾ ਹੈ ਤੇ



ਉਹ ਗਿੱਧੇ 'ਚ ਨੱਚਦੀ ਪੇਕੇ ਘਰੋਂ ਆਈ ਸੌਗਾਤ ਦਾ ਜ਼ਿਕਰ ਇੰਝ ਕਰਦੀ ਹੈ :

ਆਇਆ ਸਾਉਣ ਮਹੀਨਾ ਕੁੜੀਓ, ਲੈ ਕੇ ਠੰਡੀਆਂ ਹਵਾਵਾਂ,
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ, ਮਾਰ ਅੱਡੀ ਛਣਕਾਵਾਂ।
ਖੱਟਾ ਡੋਰੀਆ ਉੱਡ-ਉੱਡ ਜਾਂਦਾ, ਜਦ ਮੈਂ ਪੀਂਘ ਚੜ੍ਹਾਵਾਂ।
ਸਾਉਣ ਦਿਆ ਬੱਦਲਾ ਵੇ, ਮੈਂ ਤੇਰਾ ਜਸ ਗਾਵਾਂ।

ਤੀਆਂ ਦੇ ਤਿਉਹਾਰ ਮੌਕੇ ਕੁੜੀਆਂ, ਮੁਟਿਆਰਾਂ ਪੈਰਾਂ ਤੋਂ ਸਿਰ ਤਕ ਖੂਬ ਸਜ-ਧਜ ਕੇ ਪੀਂਘਾਂ ਝੂਟਣ ਤੇ ਗਿੱਧਾ ਪਾਉਣ ਲਈ ਇਕੱਠੀਆਂ ਹੁੰਦੀਆਂ ਹਨ। ਮਾਂ-ਬਾਪ ਦੇ ਘਰ ਆਈਆਂ ਆਜ਼ਾਦੀ ਮਹਿਸੂਸ ਕਰਦੀਆਂ ਹਨ।

ਸਾਉਣ ਦੇ ਮਹੀਨੇ ਚਾਰ-ਚੁਫੇਰੇ ਹਰਿਆਵਲ ਹੀ ਹਰਿਆਵਲ ਹੁੰਦੀ ਹੈ। ਬੂਟੇ ਫੁੱਲਾਂ ਤੇ ਫਲਾਂ ਨਾਲ ਭਰੇ ਹੁੰਦੇ ਹਨ। ਇਸ ਮਹੀਨੇ ਨੂੰ ਬੱਚੇ, ਬੁੱਢੇ, ਜਵਾਨ ਸਭ ਲੋਚਦੇ ਹਨ। ਨਿੱਕੀਆਂ-ਨਿੱਕੀਆਂ ਬਾਲੜੀਆਂ ਗੀਟੇ ਖੇਡ ਕੇ ਆਪਣਾ ਮਨਪਰਚਾਵਾ ਕਰਦੀਆਂ ਹਨ। ਇਸ ਕਰਕੇ ਸਾਉਣ ਦੇ ਮਹੀਨੇ ਨੂੰ ਸਾਂਵਿਆਂ ਦੀ ਰੁੱਤ ਕਰਕੇ ਵੀ ਜਾਣਿਆ ਜਾਂਦਾ ਹੈ। ਸਾਉਣ ਦੇ ਮਹੀਨੇ ਦੀ ਮਹੱਤਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ 'ਚ ਇਸ ਤਰ੍ਹਾਂ ਪ੍ਰਗਟਾਇਆ ਹੈ :

ਮੋਰੀ ਰੁਣ-ਝੁਣ ਲਾਇਆ ਭੈਣੇ ਸਾਵਣੁ ਆਇਆ॥
(ਵਡਹੰਸੁ ਮਹਲਾ ੧ ਘਰੁ ੨, ਅੰਗ ੫੫੭)

ਸਾਉਣ ਮਹੀਨੇ ਦਾ ਸੰਬੰਧ ਖੀਰ ਤੇ ਪੂੜਿਆਂ ਨਾਲ ਵੀ ਹੈ। ਸਾਉਣ ਦੇ ਮਹੀਨੇ ਵਿਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇਗਾ, ਜਿਥੇ ਖੀਰ ਤੇ ਪੂੜੇ ਨਾ ਪੱਕਦੇ ਹੋਣ, ਜਿਸ ਦਿਨ ਬਾਰਿਸ਼ ਹੁੰਦੀ ਹੈ ਤਾਂ ਇਹ ਹੀ ਕਿਹਾ ਜਾਂਦਾ ਹੈ ਕਿ ਅੱਜ ਪੂੜੇ ਖਾਣ ਦਾ ਮੌਸਮ ਹੈ।

ਅੱਜਕਲ ਤੀਆਂ ਦੇ ਮੇਲੇ ਪਹਿਲਾਂ ਦੀ ਤਰ੍ਹਾਂ ਭਾਵੇਂ ਪਿੰਡਾਂ/ਸ਼ਹਿਰਾਂ ਵਿਚ ਨਹੀਂ ਭਰਦੇ ਪਰ ਫਿਰ ਵੀ ਕਈ-ਕਈ ਥਾਵਾਂ 'ਤੇ ਅਜੋਕੀ ਨੌਜਵਾਨ ਪੀੜ੍ਹੀ ਮੁਟਿਆਰਾਂ ਤੀਆਂ ਦੇ ਤਿਉਹਾਰ ਨੂੰ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਵੱਡੇ ਸ਼ਹਿਰਾਂ ਵਿਚ ਬੱਚੇ ਸਕੂਲਾਂ 'ਚ ਤੇ ਲੜਕੀਆਂ ਕਾਲਜਾਂ ਵਿਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹਨ।

ਸਾਉਣ ਦੇ ਮਹੀਨੇ ਜਦੋਂ ਲੜਕਾ ਆਪਣੀ ਪਤਨੀ ਨੂੰ ਲੈਣ ਲਈ ਗੱਡੀ 'ਤੇ ਸਹੁਰੇ ਜਾਂਦਾ ਹੈ ਤਾਂ ਉਹ ਆਪਣੇ ਪਤੀ ਨਾਲ ਜਾਣ ਤੋਂ ਇਨਕਾਰ (ਮਨ੍ਹਾ) ਕਰਦੀ ਹੈ ਤੇ ਕਹਿੰਦੀ ਹੈ :

ਸਾਉਣ ਦਾ ਮਹੀਨੇ ਵੇ ਤੂੰ ਆਇਆਂ ਗੱਡੀ ਜੋੜ ਕੇ,
ਮੈਂ ਨੀ ਸਹੁਰੇ ਜਾਣਾ ਲੈ ਜਾ ਗੱਡੀ ਖਾਲੀ ਮੋੜ ਕੇ।

ਸਾਉਣ ਦੇ ਮਹੀਨੇ ਬੱਚਿਆਂ ਦੀ ਖੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਹੁੰਦਾ। ਉਹ ਕਿਣ-ਮਿਣ ਬਾਰਿਸ਼ ਵਿਚ ਕੱਪੜੇ ਉਤਾਰ ਕੇ ਦੁੜੰਗੇ ਲਗਾਉਂਦੇ ਤੇ ਕਲੋਲਾਂ ਕਰਦੇ ਹਨ। ਸਾਉਣ ਮਹੀਨੇ ਦੇ ਗੁਣ ਗਾਉਂਦੀਆਂ ਮੁਟਿਆਰਾਂ ਰੱਜਦੀਆਂ ਨਹੀਂ, ਜਿਸ ਨੇ ਉਨ੍ਹਾਂ ਦਾ ਮੇਲ ਕਰਵਾਇਆ ਹੁੰਦਾ ਹੈ। ਭਾਦਰੋਂ ਮਹੀਨੇ ਮੁਟਿਆਰਾਂ ਨੂੰ ਤੀਆਂ ਤੋਂ ਵਿਛੜਨ ਦਾ ਡਾਹਢਾ ਦੁੱਖ ਹੁੰਦਾ ਹੈ। ਇਸੇ ਕਰਕੇ ਸਾਉਣ ਦੇ ਮਹੀਨੇ ਨੂੰ ਆਪਣੇ ਵੀਰਾਂ ਵਾਂਗ ਚੰਗਾ ਤੇ ਭਾਦਰੋਂ ਨੂੰ ਮਾੜਾ ਕਹਿੰਦੀਆਂ ਹਨ :

ਸਾਉਣ ਵੀਰ ਇਕੱਠੀਆਂ ਕਰੇ, ਭਾਦਰੋਂ ਚੰਦਰੀ ਵਿਛੋੜਾ ਪਾਵੇ।

ਰੱਖੜ ਪੁੰਨਿਆ ਨੂੰ ਇਹ ਤਿਉਹਾਰ ਖਤਮ ਹੋ ਜਾਂਦਾ ਹੈ ਤੇ ਅਗਲੇ ਸਾਲ ਫਿਰ ਮਿਲਣ ਦੇ ਚਾਅ ਤੇ ਖੁਸ਼ੀਆਂ ਨਾਲ ਮੁਟਿਆਰਾਂ, ਸਹੇਲੀਆਂ ਇਕ-ਦੂਜੀ ਤੋਂ ਵਿਛੜ ਜਾਂਦੀਆਂ ਹਨ।

ਸਫਾ 1 ਦੀ ਬਾਕੀ

## ਹਰਿਆਣਾ ਦੀ ਨਵੀਂ ਗੁਰਦੁਆਰਾ ਕਮੇਟੀ ਦਾ ਮਸਲਾ ਗੰਭੀਰ ਦਿਸ਼ਾ ਅਖ਼ਤਿਆਰ ਕਰ ਗਿਆ

ਸਿੱਖ ਪੰਥ ਦੀ ਸਰਬਉੱਚ ਸੰਸਥਾ ਹੈ ਤੇ ਉਹ ਇਸ ਦਾ ਬੇਹੱਦ ਸਨਮਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਥ ਵਿੱਚੋਂ ਖਾਰਜ ਕੀਤੇ ਜਾਣ ਦੀ ਕੋਈ ਲਿਖਤੀ ਜਾਣਕਾਰੀ ਨਹੀਂ ਮਿਲੀ ਹੈ ਤੇ ਲਿਖਤੀ ਸੂਚਨਾ ,ਜਾਣਕਾਰੀ ਮਿਲਣ ਤੋਂ ਬਾਅਦ ਉਹ ਸਿੱਖ ਧਰਮ,ਇਤਿਹਾਸ ਅਤੇ ਪਰੰਪਰਾਵਾਂ ਦੇ ਦਾਇਰੇ ਵਿੱਚ ਰਹਿ ਕੇ ਯਥਾ ਸ਼ਕਤੀ ਵਿਚਾਰ ਕਰਨਗੇ।

ਬਾਦਲ ਨੇ ਦਿੱਲੀ ਡੇਰੇ ਲਾਏ, ਰਾਜਨਾਥ ਨਾਲ ਮੁਲਾਕਾਤ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਜਟ ਸੈਸ਼ਨ ਛੱਡ ਕੇ ਨਵੀਂ ਦਿੱਲੀ ਡੇਰੇ ਲਗਾ ਲਏ ਹਨ। ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਦੱਸਿਆ ਕਿ ਸ੍ਰੀ ਬਾਦਲ 16, 17 ਅਤੇ 18 ਜੁਲਾਈ ਨੂੰ ਸਦਨ ਵਿਚ ਹਾਜ਼ਰ ਨਹੀਂ ਰਹਿਣਗੇ। ਪਾਰਟੀ ਆਗੂਆਂ ਮੁਤਾਬਕ ਮੁੱਖ ਮੰਤਰੀ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਕਾਇਮ ਕਰਨ ਦੇ ਮੁੱਦੇ 'ਤੇ ਜ਼ਿਆਦਾ ਗੰਭੀਰ ਹੋ ਗਏ ਹਨ। ਇਹੀ ਕਾਰਨ ਹੈ ਕਿ ਉਹ ਇਸ ਮਾਮਲੇ ਦੇ ਹੱਲ ਲਈ ਐਨ.ਡੀ.ਏ. ਸਰਕਾਰ ਦਾ ਦਖ਼ਲ ਚਾਹੁੰਦੇ ਹਨ। ਸੂਤਰਾਂ ਮੁਤਾਬਕ ਮੁੱਖ ਮੰਤਰੀ ਨੇ ਅੱਜ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਇੱਕ ਸੀਨੀਅਰ ਅਕਾਲੀ ਆਗੂ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਗਏ ਹੋਣ ਕਾਰਨ ਇਸ ਮਾਮਲੇ 'ਤੇ ਅੰਤਿਮ ਫੈਸਲਾ ਲੈਣ ਬਾਰੇ ਕੇਂਦਰ ਸਰਕਾਰ ਦਾ ਰੁਖ਼ ਅਜੇ ਤਾਈਂ ਸਪਸ਼ਟ ਨਹੀਂ ਹੋਇਆ। ਅਕਾਲੀ ਦਲ ਨੂੰ ਕੇਂਦਰੀ ਗ੍ਰਹਿ ਮੰਤਰੀ ਦੀ ਹਮਾਇਤ ਤਾਂ ਮਿਲ ਰਹੀ ਹੈ ਪਰ ਪ੍ਰਧਾਨ ਮੰਤਰੀ ਦੀ ਹਮਾਇਤ ਨਹੀਂ ਮਿਲ ਰਹੀ।

## ਨਵੇਂ ਟੈਕਸ ਤੋਂ ਰਹਿਤ ਪੰਜਾਬ ਦਾ 4252 ਕਰੋੜ ਦੇ ਘਾਟੇ ਵਾਲਾ ਬਜਟ ਪੇਸ਼

ਵਿੱਚ ਵਿਭਾਗੀ ਸਕੀਮਾਂ ਲਈ ਮਾਲੀ ਸਾਲ ਦੌਰਾਨ ਖ਼ਰਚੇ ਕਰਨ ਦੀ ਜੋ ਤਜਵੀਜ਼ ਰੱਖੀ ਗਈ ਹੈ, ਉਹ ਜ਼ਿਆਦਾਤਰ ਕੇਂਦਰੀ ਸਕੀਮਾਂ 'ਤੇ ਨਿਰਭਰ ਹਨ। ਬਜਟ ਅਨੁਮਾਨਾਂ ਅਨੁਸਾਰ ਪੰਜਾਬ ਸਰਕਾਰ ਸਿਰ ਮਾਲੀ ਸਾਲ ਦੇ ਅੰਤ ਤੱਕ ਕਰਜ਼ੇ ਦਾ ਭਾਰ ਵਧ ਕੇ 1,13,053 ਕਰੋੜ ਰੁਪਏ ਹੋ ਜਾਵੇਗਾ। ਸਰਕਾਰ ਨੂੰ ਇਸ ਸਾਲ ਦੌਰਾਨ ਕੰਮ ਚਲਾਉਣ ਲਈ 13,448 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਵੇਗਾ। ਪੰਜਾਬ ਸਰਕਾਰ ਨੂੰ ਵੈਟ ਤੋਂ 17,760 ਕਰੋੜ ਰੁਪਏ, ਸ਼ਰਾਬ ਤੋਂ 4600 ਕਰੋੜ ਰੁਪਏ, ਅਸ਼ਟਾਮ 'ਤੇ ਰਜਿਸਟਰੀਆਂ ਤੋਂ 2760 ਕਰੋੜ ਰੁਪਏ, ਵਾਹਨਾਂ ਦੀ ਵਿਕਰੀ ਤੋਂ 1350 ਕਰੋੜ ਰੁਪਏ, ਬਿਜਲੀ 'ਤੇ ਐਕਸਾਈਜ਼ ਡਿਊਟੀ ਤੋਂ 1860 ਕਰੋੜ ਰੁਪਏ ਕੇਂਦਰੀ ਕਰਾਂ ਵਿੱਚੋਂ ਹਿੱਸੇ ਵਜੋਂ 5400 ਕਰੋੜ ਰੁਪਏ, ਕੇਂਦਰੀ ਗਰਾਂਟਾਂ ਦੇ ਰੂਪ ਵਿੱਚ 8230 ਕਰੋੜ ਰੁਪਏ, ਸ਼ਹਿਰੀ ਵਿਕਾਸ ਤੋਂ 150 ਕਰੋੜ ਰੁਪਏ, ਪੰਜਾਬ ਰੋਡਵੇਜ਼ ਤੋਂ 229 ਕਰੋੜ ਰੁਪਏ ਦੀ ਆਮਦਨ ਦਾ ਅਨੁਮਾਨ ਹੈ। ਹੋਰ ਛੋਟੀ-ਮੋਟੀ ਆਮਦਨ ਮਿਲਾ ਕੇ ਕੁੱਲ 44893 ਕਰੋੜ ਰੁਪਏ ਸਰਕਾਰ ਨੂੰ ਆਉਣ ਦੀ ਉਮੀਦ ਹੈ। ਇਸ ਦੇ ਮੁਕਾਬਲੇ ਖ਼ਰਚ ਵੱਧ ਲੰਮਾ-ਚੌੜਾ ਹੈ। ਤਨਖਾਹਾਂ 15841.28 ਕਰੋੜ ਰੁਪਏ, ਪੈਨਸ਼ਨਾਂ ਤੇ ਸੇਵਾਮੁਕਤੀ ਲਾਭ 6886 ਕਰੋੜ ਰੁਪਏ, ਬਿਜਲੀ ਸਬਸਿਡੀ 5300 ਕਰੋੜ ਰੁਪਏ, ਕਰਜ਼ੇ 'ਤੇ ਵਿਆਜ ਦੀ ਅਦਾਇਗੀ 8380 ਕਰੋੜ ਰੁਪਏ ਅਤੇ ਸਰਕਾਰੀ ਰਿਣਾਂ ਦੀਆਂ ਅਦਾਇਗੀਆਂ 3562.93 ਕਰੋੜ ਰੁਪਏ ਰਹਿਣਗੀਆਂ। ਇਸ ਤਰ੍ਹਾਂ ਸਰਕਾਰ ਦੇ ਹੋਰ ਛੋਟੇ-ਮੋਟੇ ਖ਼ਰਚੇ ਮਿਲਾ ਕੇ ਇਸ ਮਾਲੀ ਸਾਲ ਦੌਰਾਨ ਕੁੱਲ 49145 ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ।

ਵਿੱਤ ਮੰਤਰੀ ਵੱਲੋਂ ਸਿੱਖਿਆ, ਸਿਹਤ, ਖੇਤੀਬਾੜੀ, ਸਿੰਜਾਈ, ਸੜਕਾਂ ਤੇ ਪੁਲਾਂ ਦਾ ਨਿਰਮਾਣ, ਪੁਲੀਸ, ਸ਼ਹਿਰੀ ਵਿਕਾਸ, ਦਿਹਾਤੀ ਵਿਕਾਸ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਆਦਿ ਯੋਜਨਾਵਾਂ ਲਈ ਜੋ ਖ਼ਰਚ ਕਰਨ ਦੀ ਵਿਵਸਥਾ ਰੱਖੀ ਗਈ ਹੈ। ਉਹ ਜ਼ਿਆਦਾਤਰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਹਨ। ਰਾਜ ਸਰਕਾਰ ਵੱਲੋਂ ਆਪਣੇ ਬਜਟ ਵਿੱਚੋਂ ਬਹੁਤ ਘੱਟ ਵਿਵਸਥਾ ਕੀਤੀ ਗਈ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਮਾਲੀ ਸੰਕਟ ਦਾ ਸ਼ਿਕਾਰ ਪਿਛਲੇ ਸਾਲਾਂ ਦੌਰਾਨ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਵਿੱਚ ਵੀ ਆਪਣਾ ਹਿੱਸਾ ਪਾਉਣ ਵਿੱਚ ਕਾਮਯਾਬ ਨਹੀਂ ਹੋ ਸਕੀ। ਅਕਾਲੀ-ਭਾਜਪਾ ਸਰਕਾਰ ਦੇ 7ਵੇਂ ਬਜਟ ਨੇ ਰਾਜ ਦੇ ਗੰਭੀਰ ਮਾਲੀ ਸੰਕਟ ਦੀ ਗ੍ਰਿਫ਼ਤ ਵਿੱਚ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ। ਉਂਜ, ਸਰਕਾਰ ਨੇ ਨਸ਼ਿਆਂ ਆਦਿ ਵਿਰੁੱਧ ਮੁਹਿੰਮ ਚਲਾਉਣ ਦਾ ਐਲਾਨ ਤਾਂ ਕੀਤਾ ਹੈ, ਪਰ ਬਜਟ ਵਿੱਚ ਨਸ਼ਾ ਛੁਡਾਊ ਕੇਂਦਰਾਂ ਦੇ ਸੁਧਾਰ ਲਈ ਵੱਡੇ ਕਦਮ ਚੁੱਕਣ ਦਾ ਕੋਈ ਵਾਅਦਾ ਨਹੀਂ ਕੀਤਾ ਗਿਆ।

ਉਦਯੋਗਾਂ ਦੇ ਖੇਤਰ ਵਿੱਚ ਤਾਂ ਸਰਕਾਰ ਨੇ ਪੁਰਾਣਾ ਹੀ ਖਾਕਾ ਪੇਸ਼ ਕੀਤਾ ਹੈ। ਪਿਛਲੇ ਸਾਲਾਂ ਦੀਆਂ ਪ੍ਰਾਪਤੀਆਂ ਗਿਣਾ ਦਿੱਤੀਆਂ ਹਨ। ਇਸ ਖੇਤਰ ਲਈ ਪੈਸੇ ਦੀ ਵਿਵਸਥਾ ਨਹੀਂ ਕੀਤੀ ਗਈ।

ਚੰਡੀਗੜ੍ਹ ਦੇ ਨਜ਼ਦੀਕ ਮੁੱਲਾਂਪੁਰ ਗਰੀਬਦਾਸ ਖੇਤਰ ਵਿੱਚ ਨਵਾਂ ਚੰਡੀਗੜ੍ਹ ਵਸਾਉਣ ਦੇ ਨਾਮ 'ਤੇ ਸਿਹਰਾ ਬੰਨ੍ਹਣ ਦਾ ਯਤਨ ਕੀਤਾ ਗਿਆ ਹੈ।

ਇਸ ਖੇਤਰ ਵਿੱਚ ਐਜੂਸਿਟੀ ਤੇ ਮੈਡੀਸਿਟੀ ਸਥਾਪਤ ਕਰਨ ਅਤੇ ਚੰਡੀਗੜ੍ਹ ਹਵਾਈ ਅੱਡੇ ਦੇ ਨੇੜੇ ਆਈ.ਟੀ. ਸਿਟੀ ਵਿਕਸਿਤ ਕਰਨ ਦਾ ਐਲਾਨ ਕਰਦਿਆਂ ਪ੍ਰਗਟਾਵਾ ਕੀਤਾ ਹੈ ਕਿ ਸਰਕਾਰ ਨੇ ਨਾਮੀ ਕੰਪਨੀਆਂ ਨੂੰ ਜ਼ਮੀਨ ਅਲਾਟ ਵੀ ਕਰ ਦਿੱਤੀ ਹੈ। ਵਪਾਰੀਆਂ ਨੂੰ ਰਾਹਤ ਦੀ ਉਮੀਦ ਸੀ, ਪਰ ਮਹਿਜ਼ ਵਾਅਦੇ ਹੀ ਕੀਤੇ ਗਏ ਹਨ, ਕੋਈ ਐਲੋਕੇਸ਼ਨ ਨਹੀਂ ਕੀਤੀ ਗਈ।

ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਮੁਆਵਜ਼ਾ ਵਧਾਉਣ ਅਤੇ ਸਰਹੱਦੀ ਖੇਤਰ ਦੇ ਪਿੰਡਾਂ ਲਈ ਵਿਕਾਸ ਦੇ ਵਾਅਦੇ ਵੀ ਕੀਤੇ ਗਏ ਹਨ। ਬਿਜਲੀ ਦੇ ਖੇਤਰ ਵਿੱਚ ਨਿੱਜੀ ਖੇਤਰ ਦੇ ਥਰਮਲ ਪਲਾਂਟਾਂ ਦੇ ਸਹਾਰੇ ਸਰਪਲੱਸ ਬਿਜਲੀ ਦਾ ਦਾਅਵਾ ਦੁਹਰਾਇਆ ਗਿਆ ਹੈ ਅਤੇ ਜਾਂ ਫਿਰ ਕੇਂਦਰੀ ਸਕੀਮਾਂ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ।

## ਕਲਿੰਟਨ ਨੇ ਦੇਖੀ ਰਾਜਸਥਾਨ ਦੇ ਸਕੂਲ ਦੀ ਰਸੋਈ

ਨੇੜਲੇ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਇਹ ਕਿਵੇਂ ਪੂਰਾ ਕਰਦੀ ਹੈ। ਫਾਉਂਡੇਸ਼ਨ ਚੇਅਰਪਰਸਨ ਮਧੂ ਪੰਡਿਤ ਦਾਸਾ ਵੱਲੋਂ ਉਨ੍ਹਾਂ ਨੂੰ ਇਸ ਸਬੰਧੀ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ।

ਕਲਿੰਟਨ ਰੋਟੀਆਂ ਬਣਾਉਣ ਵਾਲੀ ਮਸ਼ੀਨ ਦੇਖ ਕੇ ਬਹੁਤ ਪ੍ਰਭਾਵਿਤ ਨਜ਼ਰ ਆਏ ਜੋ ਇਕ ਘੰਟੇ ਵਿੱਚ 40,000 ਰੋਟੀਆਂ ਵੇਲਦੀ ਸੀ। ਇਸ ਮਗਰੋਂ ਉਹ ਆਪਣੇ ਵਫ਼ਦ ਸਮੇਤ ਨੇੜਲੇ ਪ੍ਰਤਾਪ ਨਗਰ ਵਿੱਚ ਪੈਂਦੇ ਸਰਕਾਰੀ ਸਕੂਲ ਵਿੱਚ ਚਲੇ ਗਏ ਜਿੱਥੇ ਅਧਿਆਪਕਾਂ ਤੇ ਬੱਚਿਆਂ ਨੇ ਉਨ੍ਹਾਂ ਦਾ ਰਵਾਇਤੀ ਰਾਜਸਥਾਨੀ ਗੀਤ ''ਪਧਾਰੋ ਮਹਾਰੇ ਦੇਸ...'' ਗਾ ਕੇ ਸਵਾਗਤ ਕੀਤਾ। ਲੜਕੀਆਂ ਦੇ ਇਕ ਦਲ ਨੇ ''ਘੂੰਮਰ'' ਨਾਚ ਪੇਸ਼ ਕੀਤਾ। ਵੱਡੀ ਗਿਣਤੀ ਵਿਦਿਆਰਥੀਆਂ ਨੇ ਕਲਿੰਟਨ ਨੂੰ ਮਿਲਣ ਲਈ ਲੰਮੀ ਕਤਾਰ ਬਣਾਈ ਹੋਈ ਸੀ। ਕਈ ਤਾਂ ਉਨ੍ਹਾਂ ਤੋਂ ਆਟੋਗ੍ਰਾਫ ਲੈਣ ਤੇ ਉਨ੍ਹਾਂ ਨੂੰ ਹੱਥ ਦੇ ਬਣੇ ਤੋਹਫੇ ਦੇਣ ਵਿੱਚ ਵੀ ਕਾਮਯਾਬ ਹੋ ਗਏ ਸਨ। ਬੱਚਿਆਂ ਨੂੰ ਸੰਬੋਧਨ ਕਰਦਿਆਂ ਅਕਸ਼ਿਆ ਪੱਤਰ ਫਾਉਂਡੇਸ਼ਨ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਸ ਵੱਲੋਂ ਦੇਸ਼ ਭਰ ਵਿੱਚ 13 ਲੱਖ ਬੱਚਿਆਂ ਨੂੰ ਭੋਜਨ ਖੁਆਇਆ ਜਾ ਰਿਹਾ ਹੈ ਜੋ ਅਗਲੇ ਕੁਝ ਸਾਲਾਂ ਵਿੱਚ 50 ਲੱਖ ਹੋ ਜਾਣਗੇ। ਉਨ੍ਹਾਂ ਨੇ ਨਿੱਘੇ ਸਵਾਗਤ ਲਈ ਬੱਚਿਆਂ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

## ਮੋਦੀ ਵੱਲੋਂ ਪੂਤਿਨ ਨਾਲ ਮੁਲਾਕਾਤ; ਰੱਖਿਆ ਖੇਤਰ ਵਿੱਚ ਸਾਂਝ ਵਧਾਉਣ 'ਤੇ ਜ਼ੋਰ

ਫੋਰਟਾਲੀਜ਼ਾ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਨਾਲ ਪਰਮਾਣੂ, ਰੱਖਿਆ ਅਤੇ ਊਰਜਾ ਖੇਤਰਾਂ ਵਿੱਚ ਵਿਸ਼ੇਸ਼ ਰਣਨੀਤਕ ਸਾਂਝਭਿਆਲੀ ਵਧਾਉਣ ਦੀ ਪੈਰਵੀ ਕੀਤੀ ਹੈ ਅਤੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਦਸੰਬਰ ਮਹੀਨੇ ਆਪਣੇ ਦੌਰੇ ਵੇਲੇ ਕੁਡਨਕੁਲਮ ਪਰਮਾਣੂ ਊਰਜਾ ਪਲਾਂਟ ਆਉਣ ਦਾ ਵੀ ਸੱਦਾ ਦਿੱਤਾ ਹੈ। ਦੋਵੇਂ ਆਗੂਆਂ ਨੇ ਕੱਲ੍ਹ ਦੇਰ ਰਾਤੀਂ ਇਥੇ ਬ੍ਰਿਕਸ ਸੰਮੇਲਨ ਮੌਕੇ 40 ਮਿੰਟ ਮੁਲਾਕਾਤ ਕੀਤੀ। ਪਹਿਲਾਂ ਸੋਮਵਾਰ ਨੂੰ ਸ੍ਰੀ ਪੂਤਿਨ ਨੇ ਬ੍ਰਾਸਿਲੀਆ ਵਿੱਚ ਰੁਝੇਵਿਆਂ ਕਾਰਨ ਇਹ ਮੁਲਾਕਾਤ ਮੁਲਤਵੀ ਕਰ ਦਿੱਤੀ ਸੀ। ਇਸ ਮੁਲਾਕਾਤ ਤੋਂ ਬਾਅਦ ਮੋਦੀ ਨੇ ਟਵੀਟ ਕੀਤਾ , ''ਰਾਸ਼ਟਰਪਤੀ ਪੂਤਿਨ ਨਾਲ ਮੇਰੀ ਮੁਲਾਕਾਤ ਦੌਰਾਨ ਰੂਸ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ-ਚਰਚਾ ਹੋਈ।

ਅਸੀਂ ਰੂਸ ਨਾਲ ਆਪਣੇ ਸਬੰਧਾਂ ਦੀ ਬਹੁਤ ਕਦਰ ਕਰਦੇ ਹਾਂ।'' ਸ੍ਰੀ ਪੂਤਿਨ ਨੇ ਹਾਲੀਆ ਆਮ ਚੋਣਾਂ ਵਿੱਚ ਸ੍ਰੀ ਮੋਦੀ ਦੀ ਜਿੱਤ ਦੀ ਉਨ੍ਹਾਂ ਨੂੰ ਵਧਾਈ ਵੀ ਦਿੱਤੀ।



ਉਨ੍ਹਾਂ ਹਿੰਦੀ 'ਚ ਟਿੱਪਣੀ ਕੀਤੀ, ''ਭਾਰਤ ਵਿੱਚ ਜੇ ਕਿਸੇ ਬੱਚੇ ਨੂੰ ਵੀ ਪੁੱਛ ਲਿਆ ਜਾਵੇ ਕਿ ਭਾਰਤ ਦਾ ਸਭ ਤੋਂ ਗੂੜ੍ਹਾ ਮਿੱਤਰ ਕੌਣ ਹੈ ਤਾਂ ਉਹ ਵੀ ਜਵਾਬ ਦੇਵੇਗਾ ਕਿ ਇਹ ਰੂਸ ਹੈ ਕਿਉਂਕਿ ਔਖੇ ਵੇਲਿਆਂ 'ਚ ਰੂਸ ਨੇ ਹੀ ਭਾਰਤ ਦਾ ਸਾਥ ਦਿੱਤਾ ਸੀ।'' ਪ੍ਰਧਾਨ ਮੰਤਰੀ ਨੇ ਭਾਰਤ-ਰੂਸ ਰਣਨੀਤਕ ਭਿਆਲੀ ਨੂੰ ਗਹਿਰੀ ਅਤੇ ਵਸੀਹ ਬਣਾਉਣ ਲਈ ਸ੍ਰੀ ਪੂਤਿਨ ਦੀ ਫੈਸਲਾਕੁਨ ਲੀਡਰਸ਼ਿਪ ਦੀ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਆਪਸੀ ਸਬੰਧਾਂ ਨੂੰ ਅਗਾਂਹ ਵਧਾਉਣ ਅਤੇ ਰੱਖਿਆ, ਪਰਮਾਣੂ ਊਰਜਾ, ਪੁਲਾੜ, ਵਪਾਰ ਅਤੇ ਨਿਵੇਸ਼ ਅਤੇ ਲੋਕ ਸਹਿਚਾਰ ਵਧਾਉਣ ਲਈ ਵਚਨਬੱਧ ਹੈ।

ਸ੍ਰੀ ਮੋਦੀ ਨੇ ਕਿਹਾ ਕਿ ਸਰਲ ਵੀਜ਼ਾ ਪ੍ਰਣਾਲੀ 'ਤੇ ਝਾਤ ਮਾਰਨ ਦੀ ਲੋੜ ਹੈ, ਖਾਸ ਕਰਕੇ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਵਾਸਤੇ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਬੁਲਾਰੇ ਸਈਅਦ ਅਕਬਰੂਦੀਨ ਨੇ ਕਿਹਾ ਕਿ ਸ੍ਰੀ ਮੋਦੀ ਨੇ ਸੁਝਾਅ ਦਿੱਤਾ ਹੈ ਕਿ ਜਦੋਂ ਸ੍ਰੀ ਪੂਤਿਨ ਦਸੰਬਰ ਵਿੱਚ ਸਾਲਾਨਾ ਸਿਖਰ ਵਾਰਤਾ ਲਈ ਭਾਰਤ ਆਉਣ ਤਾਂ ਉਹ ਦਿੱਲੀ ਤੋਂ ਬਾਹਰ ਵੀ ਘੁੰਮਣ ਜਾਣ, ਪਰਮਾਣੂ ਪਲਾਂਟ ਦੇ ਨਿਰਮਾਣ ਕਾਰਜ ਵੀ ਦੇਖਣ ਜਾਣ।

# ਸਾਰੇ ਸੰਸਾਰ ਨੂੰ ਆਜ਼ਾਦੀ ਦਾ ਚਾਨਣ ਦੇਣ ਵਾਲਾ ਬੁੱਤ ਵੇਖਿਆ

ਦਸੰਬਰ 1982 ਦੀਆਂ ਕ੍ਰਿਸਮਿਸ ਦੀਆਂ ਛੁਟੀਆਂ ਵਿਚ ਮੈਂ ਆਪਣੇ ਵੱਡੇ ਡਾ. ਰਾਜਿੰਦਰ ਸਿੰਘ ਕਾਰਡਿਆਲੋਜਿਸਟ ਪਾਸ ਸਾਂਟਾਕਰੂਜ਼ ਕੈਲੇਫੋਰਨੀਆ ਪਹੁੰਚ ਗਿਆ। ਇਹ ਛੋਟਾ ਜਿਹਾ ਅਤਿ ਸੁੰਦਰ ਤੇ ਰਮਣੀਕ ਸ਼ਹਿਰ ਸਮੁੰਦਰ ਦੇ ਕਿਨਾਰੇ ਵੱਸਿਆ ਹੋਇਆ ਹੈ, ਜਿਸ ਦੇ ਬੀਚ (ਸਮੁੰਦਰ ਦੇ ਕਿਨਾਰੇ) ਬਹੁਤ ਹੀ ਸੁੰਦਰ ਹਨ, ਜਿਹਨਾਂ ਉਤੇ ਐਤਵਾਰ ਵਾਲੇ ਦਿਨ ਸੈਲਾਨੀਆਂ ਦੇ ਮੇਲੇ ਲੱਗੇ ਰਹਿੰਦੇ ਹਨ। ਇਹਨਾਂ ਦੀ ਸੈਰ ਕਰਨ ਸਮੇਂ ਵਾਪਰੀਆਂ ਕਈ ਅਨੋਖੀਆਂ ਤੇ ਵਚਿਤ੍ਰ ਘਟਨਾਵਾਂ ਦਾ ਵਰਣਨ ਮੈਂ ਪਹਿਲੇ ਕਈ ਥਾਵਾਂ ਉਤੇ ਕਰ ਆਇਆ ਹਾਂ।

ਅਮਰੀਕਾ ਆਉਣ ਤੋਂ ਪਹਿਲਾਂ ਇਕ ਪੱਤਰਕਾਰ ਹੋਣ ਦੇ ਨਾਤੇ ਮੈਂ ਸੰਸਾਰ ਦੇ ਇਸ ਸਭ ਤੋਂ ਵੱਧ ਉਨਤ ਦੇਸ਼ ਬਾਰੇ ਬਹੁਤ ਕੁਝ ਪੜ੍ਹਿਆ ਤੇ ਸੁਣਿਆ ਸੀ। ਜਦੋਂ ਵੀ ਇਸ ਦੇਸ਼ ਬਾਰੇ ਕੁਝ ਪੜ੍ਹਨ ਦਾ ਅਵਸਰ ਮਿਲਦਾ ਤਾਂ ਦਿਲ ਵਿਚ ਇੱਛਾ ਕੁਦਰਤੀ ਤੌਰ ਤੇ ਉਸਲਵੱਟੇ ਲੈਣ ਲੱਗ ਪੈਂਦੀ ਸੀ ਕਿ ਕਦੋਂ ਇਸ ਦੇਸ਼ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਹੋਵੇਗਾ ਅਤੇ ਕਦੋਂ ਇਸਦੀ ਸੈਰ ਕਰਕੇ ਇਸ ਦੇ ਸੁੰਦਰ ਨਜ਼ਾਰਿਆਂ ਨੂੰ ਮਾਨਣ ਦਾ ਮੌਕਾ ਮਿਲੇਗਾ।

ਉਸ ਪ੍ਰਮਾਤਮਾ ਦੀ ਐਸੀ ਕਿਰਪਾ ਹੋਈ ਕਿ ਮੇਰੇ ਦੋਵੇਂ ਸਪੁੱਤਰ ਡਾ. ਰਾਜਿੰਦਰ ਸਿੰਘ ਤੇ ਡਾ. ਹਰਿੰਦਰ ਸਿੰਘ ਇੱਥੇ ਆ ਕੇ ਇੱਥੋਂ ਦੇ ਸ਼ਹਿਰੀ ਤੇ ਪੱਕੇ ਵਸਨੀਕ ਬਣ ਗਏ। ਉਹਨਾਂ ਨੇ ਇਸ ਗੱਲ ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਆਪਣੇ ਮਾਤਾ ਪਿਤਾ ਦੀ ਜੀਅ ਭਰ ਕੇ ਸੇਵਾ ਕਰਨ ਦਾ ਸੁਭਾਗ ਤਦ ਹੀ ਪ੍ਰਾਪਤ ਹੋ ਸਕਦਾ ਹੈ ਜੇ ਸਾਰਾ ਪਰਿਵਾਰ ਅਮਰੀਕਾ ਵਿਚ ਇਕੱਠਾ ਹੋ ਜਾਵੇ। ਉਹਨਾਂ ਨੇ ਚਿੱਠੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਕਿ ਅਸੀਂ ਤੁਹਾਨੂੰ ਆਪਣੇ ਪਾਸ ਬੁਲਾਉਣ ਦੇ ਯਤਨ ਆਰੰਭ ਕਰ ਦਿੱਤੇ ਹਨ। ਜਦੋਂ ਡਾ. ਰਾਜਿੰਦਰ ਨੂੰ ਅਮਰੀਕਾ ਦੀ ਸ਼ਹਿਰੀਅਤ ਮਿਲ ਗਈ ਤਾਂ ਉਹ ਤੁਹਾਨੂੰ ਇੱਥੇ ਬੁਲਾਉਣ ਲਈ ਲਿਖਾ ਪੜ੍ਹੀ ਸ਼ੁਰੂ ਕਰ ਦੇਵੇਗਾ। ਇਸ ਭਾਵ ਦੀਆਂ ਚਿੱਠੀਆਂ ਪੜ੍ਹ ਕੇ ਮਨ ਵਿਚ ਉਤਸ਼ਾਹ ਪੈਦਾ ਹੋ ਜਾਂਦਾ। ਦਿਲ ਇਹੋ ਚਾਹੁੰਦਾ ਸੀ ਕਿ ਕਦੋਂ ਉਹ ਸੁਭਾਗ ਸਮਾਂ ਆਵੇ ਜਦੋਂ ਸਾਰਾ ਪਰਿਵਾਰ ਇਕੱਠਾ ਹੋ ਜਾਵੇ ਤੇ ਸਾਨੂੰ ਆਪਣਾ ਬੁਢਾਪਾ ਸੁਖ ਭਰੇ ਮਾਹੌਲ ਵਿਚ ਬਤੀਤ ਕਰਨ ਦਾ ਅਵਸਰ ਮਿਲੇ। ਦਿਆਲੂ ਪ੍ਰਮਾਤਮਾ ਨੇ ਇਹ ਇੱਛਾ ਬਹੁਤ ਛੇਤੀ ਪੂਰੀ ਕਰ ਦਿੱਤੀ।

ਅਮਰੀਕਾ ਦੀਆਂ ਅਖ਼ਬਾਰਾਂ ਪੜ੍ਹ ਕੇ ਤੇ ਟੀ. ਵੀ. ਵੇਖ ਕੇ, ਹੁਣ ਦਿਲ ਵਿਚ ਹੋਰ ਨਵੀਆਂ-ਨਵੀਆਂ ਉਮੰਗਾਂ ਪੈਦਾ ਹੋ ਗਈਆਂ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਅਤੇ ਨਿਊਯਾਰਕ ਦੇ ਨੇੜੇ ਸਥਾਪਤ ਕੀਤਾ ਹੋਇਆ ਸਾਰੇ ਸੰਸਾਰ ਨੂੰ ਆਜ਼ਾਦੀ ਦਾ ਚਾਨਣ ਦੇਣ ਵਾਲਾ ਸਟੈਚੂ ਆਫ ਲਿਬਰਟੀ ਵੇਖਣ ਦੀ ਤੀਬਰ ਇੱਛਾ ਪੈਦਾ ਹੋ ਗਈ।

ਸਾਰੀਆਂ ਇੱਛਾ ਪੂਰੀਆਂ ਕਰਨ ਵਾਲੇ ਪ੍ਰਮਾਤਮਾ ਨੇ ਮੇਰੇ ਪਰਮ ਮਿੱਤਰ ਸ: ਹਰਬੰਸ ਸਿੰਘ ਸਿੱਧੂ ਦੇ ਮਨ ਵਿਚ ਐਸੀ ਪ੍ਰੇਰਨਾ ਕੀਤੀ ਕਿ ਉਹ ਕਹਿਣ ਲੱਗੇ ਕਿ ਮੇਰੇ ਰਿਸ਼ਤੇਦਾਰ ਵਾਸ਼ਿੰਗਟਨ ਡੀ. ਸੀ. ਦੇ ਪਾਸ ਰਹਿੰਦੇ ਹਨ ਤੇ ਮੈਂ ਉਹਨਾਂ ਨੂੰ ਮਿਲਣ ਜਾ ਰਿਹਾ ਹਾਂ। ਜੇ ਤੁਸੀਂ ਵਾਸ਼ਿੰਗਟਨ ਤੇ ਨਿਊਯਾਰਕ ਵੇਖਣ ਦੀ ਇੱਛਾ ਰੱਖਦੇ ਹੋ ਤਾਂ ਮੇਰੇ ਨਾਲ ਚੱਲੋ। ਅਸੀਂ ਦੋਵੇਂ ਸ਼ਹਿਰ ਚੰਗੀ ਤਰ੍ਹਾਂ ਵੇਖ ਕੇ ਵਾਪਸ ਆਵਾਂਗੇ। ਮੇਰੇ ਪਾਸ ਖੁੱਲ੍ਹਾ ਸਮਾਂ ਹੈ ਤੇ ਤੁਹਾਨੂੰ ਵੀ ਇੱਥੇ ਕੋਈ ਖਾਸ ਰੁਝੇਵਾਂ ਨਹੀਂ ਇਸ ਕਰਕੇ ਅਸੀਂ ਦੋਵੇਂ ਖੂਬ ਸੈਰ ਕਰਾਂਗੇ।'ਅੰਨਾ ਕੀ ਭਾਲੇ ਦੋ ਅੱਖਾਂ' ਦੇ ਪੰਜਾਬੀ ਅਖਾਣ ਅਨੁਸਾਰ ਮੈਨੂੰ ਤਾਂ ਉਹਨਾਂ ਦੀ ਗੱਲ ਸੁਣ ਕੇ ਬਹੁਤ ਖੁਸ਼ੀ ਹੋਈ। ਵਾਸ਼ਿੰਗਟਨ ਡੀ. ਸੀ. ਦੀਆਂ ਇਤਿਹਾਸਕ ਯਾਦਗਾਰਾਂ ਤੇ ਅਜਾਇਬ ਘਰ, ਆਦਿ ਵੇਖਣ ਦੇ ਹਾਲਾਤ ਪਹਿਲਾਂ ਵਰਣਨ ਕੀਤੇ ਜਾ ਚੁੱਕੇ ਹਨ। ਇੱਥੇ ਹੁਣ 'ਸਟੈਚੂ ਆਫ ਲਿਬਰਟੀ' ਵੇਖਣ ਦਾ ਵਰਣਨ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਨਿਊਯਾਰਕ ਦੀ ਬੰਦਰਗਾਹ ਦੇ ਨੇੜੇ ਇਕ ਛੋਟਾ ਜਿਹਾ ਐਲਸ ਨਾਮ ਦਾ ਟਾਪੂ ਹੈ, ਜਿਸ ਵਿਚ ਉਹ ਇਤਿਹਾਸਕ ਬੁੱਤ ਖੜ੍ਹਾ ਹੈ। ਜਿਸ ਨੂੰ ਵੇਖਣ ਲਈ ਦੁਨੀਆਂ ਭਰ ਦੇ ਸੈਲਾਨੀਆਂ ਦਾ ਹਰ ਸਮੇਂ ਇਕ ਮੇਲਾ ਲੱਗਿਆ ਰਹਿੰਦਾ ਹੈ। ਇਸ ਬੁੱਤ ਦਾ ਨਾਂ ਹੈ, 'ਲਿਬਰਟੀ ਇਨਲਾਈਟਨਿੰਗ ਦਾ ਵਰਡ' ਭਾਵ ਸਾਰੇ ਸੰਸਾਰ ਨੂੰ ਆਜ਼ਾਦੀ ਦਾ ਚਾਨਣ ਦੇਣ ਵਾਲਾ ਬੁੱਤ। ਇਹ ਫਰਾਂਸ ਵਿਚ ਤਿਆਰ ਕੀਤਾ ਗਿਆ ਸੀ, ਜਿਸ ਕਰਕੇ ਇਹ ਫਰਾਂਸ ਅਤੇ ਅਮਰੀਕਾ ਦੀ ਦੋਸਤੀ ਦਾ ਪ੍ਰਤੀਕ ਬਣ ਗਿਆ ਹੈ। 1956 ਵਿਚ ਪ੍ਰਧਾਨ ਆਈਜ਼ਨ ਹੋਵਰ ਨੇ ਕਾਂਗਰਸ ਤੋਂ ਮਤਾ ਪਾਸ ਕਰਵਾ ਕੇ ਇਸਦਾ ਨਾਮ 'ਸਟੈਚੂ ਆਫ ਲਿਬਰਟੀ' ਰੱਖਿਆ।

ਇਹ ਬੁੱਤ 154 ਫੁੱਟ ਉਚੇ ਬਹੁਤ ਵੱਡੇ ਥੜ੍ਹੇ ਉਤੇ ਖੜ੍ਹਾ ਹੈ ਜਿਸ ਨੂੰ ਨੇੜੇ ਜਾ ਕੇ ਵੇਖਣ ਲਈ ਲਿਫਟਾਂ ਰਾਹੀਂ ਜਾਂ ਪੌੜੀਆਂ ਰਾਹੀਂ ਉਤੇ ਜਾਣਾ ਪੈਂਦਾ ਹੈ। ਇਸ ਦੇ ਪੂਰੇ ਆਕਾਰ ਦਾ ਵੇਰਵਾ ਇਕ ਤਾਂਬੇ ਦੇ ਪੱਤਰੇ ਉਤੇ ਲਿਖਿਆ ਹੈ ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:

ਬੁੱਤ ਦੀ ਉਚਾਈ ਹੈ 151 ਫੁੱਟ
ਕੁੱਲ ਭਾਰ 225 ਟਨ
ਸੱਜੀ ਬਾਂਹ ਜਿਸ ਵਿਚ ਮਿਸ਼ਾਲ ਫੜੀ ਹੈ ਉਸ ਦੀ ਲੰਬਾਈ 42 ਫੁੱਟ ਹੈ। ਹੱਥ ਦੀ ਲੰਬਾਈ 16 ਫੁੱਟ 5 ਇੰਚ।
ਹੇਠ ਤੋਂ ਉਤੇ ਤੱਕ ਸਟੈਪ 171 ਫੁੱਟ।


ਗਿਆਨੀ ਜੰਗ ਸਿੰਘ

ਜਿਸ 27 ਏਕੜ ਦੇ ਇਕ ਛੋਟੇ ਜਿਹੇ ਟਾਪੂ ਉਤੇ ਇਹ ਬੁੱਤ ਸਥਾਪਤ ਕੀਤਾ ਗਿਆ ਹੈ, ਉਸ ਤੇ ਜਾਣ ਲਈ ਇਕ ਫੇਰੀ ਤੇ ਚੜ੍ਹ ਕੇ ਜਾਣਾ ਪੈਂਦਾ ਹੈ। ਜਿਸ ਦੀ ਟਿਕਟ ਲੈਣੀ ਪੈਂਦੀ ਹੈ। ਨਿਊਯਾਰਕ ਵਿਚ ਰਹਿੰਦੇ ਜਿਹਨਾਂ ਮਿੱਤਰਾਂ ਪਾਸ ਅਸੀਂ ਠਹਿਰੇ ਹੋਏ ਸਾਂ, ਉਹਨਾਂ ਪਾਸ ਜਦ ਅਸੀਂ ਇਹ ਬੁੱਤ ਵੇਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਹਨਾਂ ਦਾ ਇਕ 10-12 ਬੰਦਿਆਂ ਦਾ ਜਥਾ ਆਪਣੀਆਂ ਟੈਕਸੀਆਂ ਤੇ ਹੀ ਸਾਡੇ ਨਾਲ ਜਾਣ ਲਈ ਤਿਆਰ ਹੋ ਗਿਆ ਤੇ ਸਾਰਾ ਖਰਚ ਵੀ ਉਹਨਾਂ ਨੇ ਆਪਣੇ ਪਾਸੋਂ ਹੀ ਕੀਤਾ। ਬੁੱਤ ਦੇ ਆਸ ਪਾਸ ਬੜੇ ਵਧੀਆ ਰੈਸਟੋਰੈਂਟ ਬਣੇ ਹੋਏ ਹਨ। ਜਿੱਥੇ ਸੈਲਾਨੀਆਂ ਨੂੰ ਹਰ ਪ੍ਰਕਾਰ ਦੇ ਖਾਣੇ ਤੇ ਕੋਲਡ ਡਰਿੰਕ ਤੇ ਕਾਫੀ ਮਿਲਦੇ ਹਨ। ਹਰੇ ਹਰੇ ਘਾਹ ਤੇ ਫੁੱਲਾਂ ਬੂਟਿਆਂ ਨਾਲ ਸਜੀਆਂ ਹੋਈਆਂ ਪਾਰਕਾਂ ਬਹੁਤ ਖੂਬਸੂਰਤ ਹਨ। ਪਰ ਸਭ ਤੋਂ ਵੱਧ ਇਸ ਸੈਰ ਦਾ ਆਨੰਦ ਉਸ ਸਮੇਂ ਆਉਂਦਾ ਹੈ ਜਦੋਂ ਫੇਰੀ ਦੀ ਉਪਰਲੀ ਛੱਤ ਤੇ ਖੜ੍ਹੇ ਹੋ ਕੇ ਇਕ ਪਾਸੇ ਬੁੱਤ ਵਾਲੇ ਟਾਪੂ ਦਾ ਨਜ਼ਾਰਾ ਅਤੇ ਦੂਜੇ ਪਾਸੇ ਨਿਊਯਾਰਕ ਦੀਆਂ ਆਕਾਸ਼ ਨੂੰ ਛੋਂਹਦੀਆਂ ਇਮਾਰਤਾਂ ਦੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਉਸ ਵੇਲੇ ਸੈਲਾਨੀ ਜੋ ਖੁਸ਼ੀ ਤੇ ਖੇੜਾ ਅਨੁਭਵ ਕਰਦੇ ਹਨ, ਉਸ ਨੂੰ ਸ਼ਬਦਾਂ ਰਾਹੀਂ ਬਿਆਨ ਕਰਨਾ ਅਸੰਭਵ ਹੈ। ਉਸ ਵੇਲੇ ਗੁਰਬਾਣੀ ਦਾ ਇਹ ਮਹਾਂਵਾਕ-

ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪ੍ਰਵਾਨ

ਯਾਦ ਆ ਜਾਂਦਾ ਹੈ। ਸੱਚਮੁਚ ਇਸ ਬੁੱਤ ਨੂੰ ਵੇਖ ਕੇ ਦਰਸ਼ਕ ਬੇਹੱਦ ਖੁਸ਼ੀ ਅਨੁਭਵ ਕਰਦੇ ਹਨ। ਇਸ ਬੁੱਤ ਦੀ ਖਾਸ ਵਿਸ਼ੇਸ਼ਤਾ ਜੋ ਮੈਂ ਅਨੁਭਵ ਕੀਤੀ, ਉਹ ਇਹ ਹੈ ਕਿ ਕਹਿਣ ਨੂੰ ਤਾਂ ਇਹ ਅਮਰੀਕਾ ਦੇ ਲੋਕਾਂ ਨੇ ਆਪਣੀਆਂ ਆਜ਼ਾਦੀ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਇਕ ਇਤਿਹਾਸਕ ਅਜੂਬਾ ਕਾਇਮ ਕੀਤਾ ਹੈ। ਪਰ ਆਜ਼ਾਦੀ ਦਾ ਚਾਨਣ ਇਹ ਸਾਰੇ ਸੰਸਾਰ ਨੂੰ ਦੇ ਰਿਹਾ ਹੈ।

ਨਿਊਯਾਰਕ ਵਿਚ ਯੂ. ਐਨ ਓ. ਦਾ ਕੇਂਦਰ ਹੈ, ਜਿੱਥੇ ਸੰਸਾਰ ਦੇ ਸਾਰੇ ਦੇਸ਼ਾਂ ਦੇ ਪ੍ਰਤੀਨਿਧ ਰਹਿੰਦੇ ਹਨ ਅਤੇ ਯੂ. ਐਨ ਓ. ਵੱਲੋਂ ਇਹ ਯਤਨ ਕੀਤੇ ਜਾ ਰਹੇ ਹਨ ਕਿ ਸੰਸਾਰ ਦੇ ਸਭ ਛੋਟੇ ਤੇ ਵੱਡੇ ਦੇਸ਼ ਅਮਨ ਆਜ਼ਾਦੀ ਤੇ ਖੁਸ਼ਹਾਲੀ ਦੇ ਸੁਖ ਮਾਣ ਸਕਣ ਤੇ ਕੋਈ ਵੀ ਦੇਸ਼ ਕਿਸੇ ਦੂਜੇ ਦੇਸ਼ ਦੀ ਆਜ਼ਾਦੀ ਨਾ ਖੋਹ ਸਕੇ। ਸੰਸਾਰ ਭਰ ਵਿਚੋਂ ਬਸਤੀਵਾਦ ਖਤਮ ਹੋ ਚੁੱਕਿਆ ਹੈ ਤੇ ਉਸ ਤੇ ਰਹਿੰਦੇ ਖੂੰਹਦੇ ਚਿੰਨ੍ਹ ਵੀ ਖਤਮ ਕੀਤੇ ਜਾ ਰਹੇ ਹਨ। ਇਹ ਬੁੱਤ ਸਾਰੀ ਮਨੁੱਖਤਾ ਨੂੰ ਆਜ਼ਾਦੀ ਦਾ ਚਾਨਣ ਦੇ ਕੇ ਇਹ ਪ੍ਰੇਰਨਾ ਦੇ ਰਿਹਾ ਹੈ ਕਿ ਆਜ਼ਾਦੀ ਸਭ ਨੂੰ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਗੁਲਾਮੀ ਦਾ ਹਨੇਰਾ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਕਾਇਮ ਨਹੀਂ ਰਹਿਣਾ ਚਾਹੀਦਾ। ਅਮਰੀਕਾ ਵਿਚ ਫੈਲਿਆ ਹੋਇਆ ਆਜ਼ਾਦੀ ਦਾ ਪ੍ਰਕਾਸ਼ ਵੇਖ ਕੇ ਹੀ ਦੇਸ਼ ਭਗਤ ਗਦਰੀ ਬਾਬਿਆਂ ਅਤੇ ਸ: ਕਰਤਾਰ ਸਿੰਘ ਸਰਾਭਾ ਵਰਗੇ ਸ਼ਹੀਦਾਂ ਨੂੰ ਇਹ ਅਨੁਭਵ ਹੋਇਆ ਸੀ ਕਿ ਗੁਲਾਮੀ ਦੇ ਹਨੇਰੇ ਵਿਚ ਭਟਕ ਰਹੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਉਹ ਆਪਣਾ ਤਨ ਮਨ ਧਨ ਸਭ ਕੁਝ ਵਾਰ ਦੇਣ ਲਈ ਤਿਆਰ ਹਨ। ਉਹਨਾਂ ਨੇ ਕੈਲੇਫੋਰਨੀਆ ਦੇ ਪ੍ਰਸਿੱਧ ਇਤਿਹਾਸਕ ਸ਼ਹਿਰ ਸਾਨਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਕਾਇਮ ਕਰਕੇ ਉਥੋਂ ਗਦਰ ਅਖ਼ਬਾਰ ਕੱਢਣਾ ਸ਼ੁਰੂ ਕੀਤਾ ਜੋ ਪੰਜਾਬੀ ਹਿੰਦੀ ਤੇ ਉਰਦੂ ਵਿਚ ਪ੍ਰਕਾਸ਼ਿਤ ਕਰਕੇ ਸਾਰੇ ਦੇਸ਼ਾਂ ਵਿਚ ਵੰਡਿਆ ਜਾਂਦਾ ਸੀ। ਗਦਰ ਲਹਿਰ ਕਿਵੇਂ ਪੈਦਾ ਹੋਈ? ਉਸ ਵਿਚ ਸ਼ਾਮਲ ਹੋਣ ਵਾਲਿਆਂ ਨੇ ਕਿਤਨੀਆਂ ਕੁਰਬਾਨੀਆਂ ਦਿੱਤੀਆਂ?




ਉਹਨਾਂ ਦਾ ਹੋਰ ਵਿਸਥਾਰ ਪੜ੍ਹਨਾ ਹੋਵੇ ਤਾਂ ਮੇਰੇ ਪਰਮ ਮਿੱਤਰ ਗਿਆਨੀ ਕੇਸਰ ਸਿੰਘ ਨਾਵਲਿਸਟ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। ਉਹਨਾਂ ਨੇ ਵੈਨਕੂਵਰ ਕੈਨੇਡਾ ਵਿਚ ਰਹਿੰਦਿਆਂ ਕਈ ਕਿਤਾਬਾਂ ਲਿਖੀਆਂ ਹਨ ਜਿਹਨਾਂ ਨੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ।

ਅਸਲ ਵਿਚ ਆਜ਼ਾਦੀ ਦਾ ਚਾਨਣ ਫੈਲਣ ਨਾਲ ਸਾਰੀ ਮਨੁੱਖਤਾ ਵਿਚ ਇਕ ਨਵੀਂ ਕ੍ਰਾਂਤੀ ਤੇ ਨਵੀਂ ਜਾਗਰਤੀ ਪੈਦਾ ਹੋਈ ਜਿਸ ਨੇ ਇੰਪੀਰੀਅਲ ਤਾਕਤਾਂ ਪਾਸੇ ਆਪਦੇ ਦੇਸ਼ਾਂ ਨੂੰ ਆਜ਼ਾਦ ਕਰਾਉਣ ਦੇ ਉਪਰਾਲੇ ਸ਼ੁਰੂ ਕੀਤੇ। ਦੂਜੀ ਵੱਡੀ ਸੰਸਾਰ ਜੰਗ ਤੋਂ ਪਿੱਛੋਂ ਏਸ਼ੀਆ ਤੇ ਅਫ਼ਰੀਕਾ ਦੇ ਸਾਰੇ ਦੇਸ਼ ਆਜ਼ਾਦ ਹੋ ਗਏ ਅਤੇ ਸਾਰੀ ਮਨੁੱਖਤਾ ਦੇ ਜਾਗੇ ਹੋਏ ਵਿਦਵਾਨਾਂ ਨੇ ਇਨਕਲਾਬੀ ਸਾਹਿਤ ਰਚਿਆ। ਇਸ ਵੇਲੇ ਕੋਈ ਵੀ ਦੇਸ਼ ਕਿਸੇ ਦੂਜੇ ਦੇਸ਼ ਦੀ ਗੁਲਾਮੀ ਵਿਚ ਰਹਿਣ ਲਈ ਤਿਆਰ ਨਹੀਂ ਭਾਵੇਂ ਉਸ ਨੂੰ ਕਿਤਨੀਆਂ ਹੀ ਕੁਰਬਾਨੀਆਂ ਦੇਣੀਆਂ ਪੈਣ। ਇਹ ਜੋ ਨਵੀਂ ਕ੍ਰਾਂਤੀ ਦਾ ਨਵਾਂ ਯੁੱਗ ਆਇਆ ਹੈ, ਇਹ ਅਸਲ ਵਿਚ ਸਾਰੇ ਸੰਸਾਰ ਨੂੰ ਆਜ਼ਾਦੀ ਦਾ ਚਾਨਣ ਦੇਣ ਵਾਲਾ 'ਸਟੈਚੂ ਆਫ ਲਿਬਰਟੀ' ਤੋਂ ਮਿਲੀ ਮਹਾਨ ਪ੍ਰੇਰਨਾ ਦਾ ਹੀ ਕ੍ਰਿਸ਼ਮਾ ਹੈ।

ਅਮਰੀਕਾ ਨੇ ਵੀ 1776 ਈਸਵੀ ਵਿਚ ਬਰਤਾਨਵੀ ਸਾਮਰਾਜਵਾਦ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ। ਇਸ ਵੇਲੇ ਵੀ ਇਸ ਦੇਸ਼ ਵੱਲੋਂ ਉਹਨਾਂ ਦੇਸ਼ਾਂ ਦੀ ਦਿਲ ਖੋਲ੍ਹ ਕੇ ਸਹਾਇਤਾ ਕੀਤੀ ਜਾ ਰਹੀ ਹੈ, ਜਿਹਨਾਂ ਦੀ ਆਜ਼ਾਦੀ ਨੂੰ ਗੁਆਂਢੀ ਦੇਸ਼ਾਂ ਤੋਂ ਖਤਰਾ ਹੈ। ਹੁਣ ਯੂ. ਐਨ. ਓ. ਵੱਲੋਂ ਸਾਰੇ ਸੰਸਾਰ ਨੂੰ ਇਹ ਸੰਦੇਸ਼ਾ ਦਿੱਤਾ ਜਾ ਰਿਹਾ ਹੈ ਕਿ ਅਮਨ ਆਜ਼ਾਦੀ ਤੇ ਖੁਸ਼ਹਾਲੀ ਦੀ ਸਭ ਦੇਸ਼ਾਂ ਨੂੰ ਲੋੜ ਹੈ। ਇਸ ਸੰਦੇਸ਼ ਦਾ ਵਰਣਨ ਮੈਂ ਇਕ ਰੁਬਾਈ ਵਿਚ ਇਸ ਤਰ੍ਹਾਂ ਕੀਤਾ ਹੈ:

ਅਮਨ, ਆਜ਼ਾਦੀ ਤੇ ਖੁਸ਼ਹਾਲੀ,
ਤਿੰਨਾਂ ਦੀ ਸਭ ਨੂੰ ਲੋੜ।
ਜਿੱਥੇ ਇਹ ਤਿੰਨੇ ਮਿਲਕੇ ਚੱਲਣ, ਉਥੇ ਨਾ ਰਹਿੰਦੀ ਥੋੜ।
ਜੇ ਮਾਨਵਤਾ ਸਦਾ ਸੁਖ ਲੋੜੇ, ਤਿੰਨਾਂ ਨੂੰ ਮੇਲ ਕੇ ਰੱਖੇ।
ਇਨ੍ਹਾਂ ਦੇ ਏਕੇ ਵਿਚ ਹੈ ਬਰਕਤ, ਇਹ ਹੈ ਤੱਤ ਨਿਚੋੜ।

# 13ਵੀਆਂ ਲੋਕ ਸਭਾ ਚੋਣਾਂ ਵੇਲੇ ਦੂਰਦਰਸ਼ਨ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਭਾਸ਼ਣ

ਦੇਸ਼ ਵਾਸੀਓ

ਬਹੁਜਨ ਸਮਾਜ ਪਾਰਟੀ ਇਸ ਦੇਸ਼ ਵਿਚ ਜਾਤੀ ਦੇ ਆਧਾਰ ਤੇ ਤੋੜੇ ਗਏ ਲੋਕਾਂ ਨੂੰ ਜੋੜ ਕੇ ਉਹਨਾਂ ਨੂੰ ਘੱਟ ਗਿਣਤੀ ਤੋਂ ਬਹੁਜਨ ਬਣਾ ਕੇ ਅਤੇ ਬਹੁਜਨ ਦਾ ਸਮਾਜ ਬਣਾ ਕੇ ਉਹਨਾਂ ਦੁਆਰਾ ਬਣਾਈ ਗਈ ਪਾਰਟੀ ਹੈ। ਬਹੁਜਨ ਸਮਾਜ ਪਾਰਟੀ ਦਾ ਮੁੱਖ ਟੀਚਾ ਇਸ ਦੇਸ਼ਦੀ ਮਨੂੰਵਾਦੀ ਸਮਾਜਵਿਵਸਥਾ ਨੂੰ ਬਦਲ ਕੇ ਮਨੁੱਖਤਾ ਵਾਦੀ ਸਮਾਜ ਵਿਵਸਥਾ ਦਾ ਨਿਰਮਾਣ ਕਰਨਾ ਹੈ। ਮਨੂੰਵਾਦੀ ਸਮਾਜ ਵਿਵਸਥਾ ਦੇ ਆਧਾਰ ਤੇ ਇਸ ਦੇਸ਼ ਵਿਚ ਜੋ ਅਵਿਵਸਥਾ ਬਣੀ ਹੈ, ਉਹ ਬਹੁਜਨ ਸਮਾਜ ਦੇ ਲਈ ਅਨੁਕੂਲ ਨਹੀਂ ਹੈ, ਇਸਕਰਕੇ ਇਸਨੂੰ ਤਬਦੀਲ ਕਰਨਾ ਬਹੁਜਨ ਸਮਾਜ ਪਾਰਟੀ ਦਾ ਮੁੱਖ ਟੀਚਾ ਹੈ।

ਜਦੋਂ ਆਰੀਆ ਲੋਕ ਸੈਂਟਰਲ ਏਸ਼ੀਆ ਤੋਂ ਆਏ, ਜਿਵੇਂ ਕਿ ਨਹਿਰੂ ਜੀ ਨੇ ਆਪਣੀ ਕਿਤਾਬ 'ਡਿਸਕਵਰੀ ਆਫ ਇੰਡੀਆ' ਵਿਚਲਿਖਿਆ ਹੈ ਕਿ ਉਹਨਾਂ ਨੇ ਇਸ ਦੇਸ਼ ਵਿਚ ਮੂਲ ਨਿਵਾਸੀਆਂ ਨੂੰ ਹਰਾ ਕੇ ਆਪਣਾ ਰਾਜ ਭਾਗ ਇੱਥੇ ਬਣਾਇਆ ਅਤੇ ਰਾਜ ਭਾਗ ਬਣਾ ਕੇ ਮਨੂੰਵਾਦੀ ਸਮਾਜ ਵਿਵਸਥਾ ਦਾ ਨਿਰਮਾਣ ਕੀਤਾ। ਉਹਨਾਂ ਨੇ ਇਸ ਦੇਸ਼ ਦੇ ਮੂਲ ਨਿਵਾਸੀਆਂ ਨੂੰ ਸ਼ੂਦਰ ਅਤੇ ਅਤੀ ਸ਼ੂਦਰ ਬਣਾ ਕੇ ਉਹਨਾਂ ਨੂੰ 6000 ਜਾਤੀਆਂ ਵਿਚ ਵੰਡਿਆ। ਛੇ ਹਜ਼ਾਰ ਜਾਤੀਆਂ ਵਿਚ ਵੰਡੇ ਹੋਣ ਦੇ ਕਾਰਨ ਇਸ ਦੇਸ਼ ਦੇ ਮੂਲ ਨਿਵਾਸੀਆਂ ਨੂੰ ਸ਼ੂਦ ਅਤੇ ਅਤੀ ਸ਼ੂਦਰ ਜਾਤੀ ਦੇ ਲੋਕ ਘੱਟ ਗਿਣਤੀ ਵਿਚ ਆ ਗਏ। ਇਸ ਕਰਕੇ ਇਸ ਗੱਲ ਨੂੰ ਸਮਝ ਕੇ ਘੱਟ ਗਿਣਤੀ ਤੋਂ ਬਹੁਜਨ ਬਣਾਉਣ ਦੇ ਲਈ ਅਸੀਂ ਲੋਕਾਂ ਨੇ ਜਾਤੀ ਦੇ ਆਧਾਰ ਤੇ ਤੋੜੇ ਗਏ ਲੋਕਾਂ ਨੂੰ ਜੋੜ ਕੇ ਬਹੁਜਨ ਸਮਾਜ ਬਣਾਉਣਾ ਸ਼ੁਰੂ ਕੀਤਾ। ਜਿਵੇਂ ਹੀ ਭਾਈਚਾਰੇ ਦੇ ਆਧਾਰ ਤੇ ਇਹ ਲੋਕ ਜੁੜਦੇ ਹਨ, ਘੱਟ ਗਿਣਤੀ ਤੋਂ ਬਹੁਜਨ ਬਣਦੇ ਹਨ ਤਾਂ ਬਹੁਜਨ ਦੇ ਆਧਾਰ ਤੇ ਵੋਟਾਂ ਵਾਲਾ ਸਮਾਜ ਇਸ ਦੇਸ਼ ਵਿਚ ਅੱਗੇ ਵਧਦਾ ਹੈ।

ਇਸ ਕਰਕੇ ਬਹੁਜਨ ਸਮਾਜ ਪਾਰਟੀ 1996 ਵਿਚ ਰਾਸ਼ਟਰੀ ਪਾਰਟੀ ਬਣੀ, 1998 ਵਿਚ ਦੇਸ਼ ਦੀ ਚੌਥੀ ਸਭ ਤੋਂ ਵੱਡੀ ਪਰਟੀ ਬਣੀ ਅਤੇ ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਗਲੀ ਲੋਕ ਸਭਾ ਵਿਚ ਇਏ ਤੀਜੀ ਸਭ ਤੋਂ ਵੱਡੀ ਪਾਰਟੀ ਬਣ ਕੇ ਆਵੇਗੀ। ਇਸ ਕਰਕੇ ਮੈਂ ਦੇਸ਼ ਵਿਚ ਬਹੁਜਨ ਸਮਾਜ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਚੋਣ ਵਿਚ ਬਹੁਜਨ ਸਮਾਜ ਪਾਰਟੀ ਨੂੰ 10 ਫੀਸਦੀ ਵੋਟਾਂ ਅਤੇ 10 ਫੀਸਦੀ ਲੋਕ ਸਭਾ ਦੀਆਂ ਸੀਟਾਂ ਜਿਤਾ ਕੇ ਕਾਂਗਰਸ ਅਤੇ ਭਾਜਪਾ ਤੋਂ ਬਾਅਦ ਤੀਜੇ ਨੰਬਰ ਦੀ ਸ਼ਕਤੀ ਬਣਾ ਕੇ ਉਭਾਰਨ। ਅਜਿਹੀ ਅਪੀਲ ਦੇਸ਼ ਦੇ ਕੋਨੇ ਕੋਨੇ ਵਿਚ ਕੀਤੀ ਜਾ ਰਹੀ ਹੈ, ਪਰ ਉਤਰ ਪ੍ਰਦੇਸ਼ ਵਿਚ ਜਿਸ ਨੂੰ ਆਰੀਆ ਲੋਕ 'ਆਰੀਆ ਵ੍ਰਤ' ਕਹਿੰਦੇ ਹਨ, ਇਸ ਆਰੀਆ ਵ੍ਰਤ ਵਿਚ ਬਹੁਜਨ ਸਮਾਜ ਪਾਰਟੀ ਵੱਡੇ ਪੱਧਰ ਤੇ ਉਭਰ ਕੇ ਸਾਹਮਣੇ ਆਈ ਹੈ। ਪਿਛਲੇ 5 ਸਾਲਾਂ ਵਿਚ 4 ਵਾਰ ਚੋਣਾਂ ਹੋਈਆਂ ਅਤੇ ਇਹਨਾਂ ਸਭ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਆਪਣੀ ਤਾਕਤ ਨੂੰ ਵਧਾ ਕੇ ਸਾਹਮਣੇ ਆਈ ਹੈ।

ਉਤਰ ਪ੍ਰਦੇਸ਼ ਦੀਆਂ 85 ਲੋਕ ਸਭਾ ਸੀਟਾਂ ਹਨ, ਇਹਨਾਂ ਵਿਚੋਂ ਇਕ ਇਕ ਸੀਟ ਤੇ ਲੜ ਕੇ ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਵਿਚ ਸਭ ਤੋਂ ਵੱਡੀ ਸ਼ਕਤੀ ਬਣ ਕੇ ਉਭਰਨ ਦੀ ਕੋਸ਼ਿਸ਼ ਵਿਚ ਹੈ। ਅਤੇ ਮੈਨੂੰ ਯਕੀਨ ਹੈ ਕਿ ਜਿਸ ਤਰ੍ਹਾਂ ਬਹੁਜਨ ਸਮਾਜ ਪਾਰਟੀ ਦਾ ਵੋਟ ਬੈਂਕ ਵਧਦਾ ਹੀ ਜਾ ਰਿਹਾ ਹੈ ਅਤੇ ਅੱਜ ਉਹ ਉਤਰ ਪ੍ਰਦੇਸ਼ ਵਿਚ 30 ਫੀਸਦੀ ਤੋਂ ਜ਼ਿਆਦਾ ਨਜ਼ਰ ਆ ਰਹੀ ਹੈ, ਇਯ ਕਰਕੇ 30 ਫੀਸਦੀ ਤੋਂ ਜ਼ਿਆਦਾ ਵੋਟ ਲੈ ਕੇ ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਵਿਚ ਪਹਿਲੇ ਨੰਬਰ ਦੀ ਪਾਰਟੀ ਬਣੇਗੀ। ਅਤੇ ਮੈਂ ਇਹ ਭਰੋਸਾ ਦੇ ਨਾਲ ਕਹਿ ਸਕਦਾ ਹਾਂ ਕਿ ਉਤਰ ਪ੍ਰਦੇਸ਼ ਵਿਚ ਅੱਧੀਆਂ ਸੀਟਾਂ ਬੀ. ਐਸ. ਪੀ. ਦੀਆਂ ਹੋਣਗੀਆਂ ਅਤੇ ਅੱਧੀਆਂ ਦੂਜੀਆਂ ਪਾਰਟੀਆਂ ਦੀਆਂ ਹੋਣਗੀਆਂ।

ਮਹਾਂਰਾਸ਼ਟਰ ਵਿਚ 1848 ਵਿਚ ਮਹਾਤਮਾ ਜੋਤੀਰਾਓ ਫੂਲੇ ਨੇ ਸ਼ੂਦਰ ਅਤੇ ਅਤੀ ਸ਼ੂਦਰ ਸਮਾਜ ਨੂੰ ਸੰਗਠਿਤ ਕਰਕੇ ਆਪਣੇ ਪੈਰਾਂ ਤੇ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਕੋਸ਼ਿਸ਼ ਨੂੰ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਅੱਗੇ ਵਧਾਇਆ। ਛੂਤ ਛਾਤ ਜੋ ਆਰੀਆ ਲੋਕਾਂ ਨੇ, ਵਿਦੇਸ਼ੀ ਲੋਕਾਂ ਨੇ ਇਸ ਦੇਸ਼ ਦੇ ਉਪਰ ਥੋਪੀ, ਉਸ ਛੂਤ ਛਾਤ ਦੇ ਖਿਲਾਫ ਮਹਾਤਮਾ ਫੂਲੇ ਅਤੇ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਸੰਘਰਸ਼ ਕੀਤਾ। ਆਪਣੀ ਜ਼ਿੰਦਗੀ ਵਿਚ ਹੀ ਛੂਤ ਛਾਤ ਦਾ ਖਾਤਮਾ ਕਰਨ ਦੇ ਲਈ ਉਹਨਾਂ ਨੇ ਕਈ ਉਪਾਅ ਕੀਤੇ। ਜਿਹਨਾਂ ਲੋਕਾਂ ਨੂੰ ਮਨੂੰਵਾਦੀ ਸਮਾਜ ਵਿਵਸਥਾ ਦੇ ਆਧਾਰ ਤੇ ਅਗਿਆਨੀ, ਅਗਿਆਨ ਅਤੇ ਸਿੱਖਿਆ ਤੋਂ ਵਾਂਝਾ ਰੱਖਿਆ ਗਿਆ, ਉਹਨਾਂ ਲੋਕਾਂ ਦੇ ਲਈ ਅੰਗਰੇਜ਼ਾਂ ਦੇ ਸ਼ਾਸਨ ਕਾਲ ਵਿਚ ਮਹਾਤਮਾ ਫੂਲੇ ਨੇ ਸਿੱਖਿਆ ਦੇ ਦਰਵਾਜ਼ੇ ਖੋਲ੍ਹੇ। ਉਹਨਾ ਤੋਂ ਬਾਅਦ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਆਪਣੇ ਧਨ ਦਾ ਇਸਤੇਮਾਲ ਕਰਕੇ ਕਈ ਸਕੂਲ, ਕਾਲਜ ਅਤੇ ਲੱਗਭੱਗ 40 ਹੋਸਟਲ ਇਹਨਾਂ ਵਰਗਾਂ ਦੇ ਲਈ ਖੋਲ੍ਹੇ। ਇਸ ਤਰ੍ਹਾਂ ਆਪਣੇ ਧਨ ਦੀ ਸਹੀ ਵਰਤੋਂ ਕਰਕੇ ਸ਼ੂਦਰ ਅਤੇ ਅਤੀ ਸ਼ੂਦਰ ਵਰਗਾਂ ਦੀ ਤਰੱਕੀ ਦੇ ਅਨੇਕਾਂ ਕੰਮ ਉਹਨਾਂ ਨੇ ਕੀਤੇ। ਇਸ ਤੋਂ ਬਾਅਦ 26 ਜੁਲਾਈ 1902 ਨੂੰ ਇਹਨਾਂ ਵਰਗਾਂ ਦੇ ਲਈ ਪ੍ਰਸ਼ਾਸਨ ਵਿਚ 50 ਫੀਸਦੀ ਰਿਜ਼ਰਵੇਸ਼ਨ ਦਾ ਪ੍ਰਬੰਧ ਉਹਨਾਂ ਨੇ ਆਪਣੇ ਰਾਜ ਵਿਚ ਕੀਤਾ। ਇਸ ਤਰ੍ਹਾਂ ਸ਼ਾਸਨ ਅਤੇ ਪ੍ਰਸ਼ਾਸਨ ਵਿਚ ਇਹਨਾਂ ਲੋਕਾਂ ਨੂੰ ਭਰਤੀ ਕੀਤਾ ਗਿਆ ਅਤੇ ਉਹਨਾਂ ਨੂੰ ਅੱਗੇ ਵਧਾਇਆ ਗਿਆ।

ਇਸ ਤੋਂ ਬਾਅਦ ਬਾਬਾ ਸਾਹਿਬ ਅੰਬੇਦਕਰ ਨੂੰ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਸੱਦਾ ਦਿੱਤਾ ਅਤੇ ਉਹਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਮੂਵਮੈਂਟ ਨੂੰ ਦੇਸ਼ ਭਰ ਵਿਚ ਫੈਲ-ਾਉਣ। ਦੇਸ਼ ਭਰ ਵਿਚ ਫੈਲਾਉਣ ਦੇ ਲਈ ਅੰਗਰੇਜ਼ਾਂ ਦੇ ਰਾਜ ਵਿਚ 1930-1932 ਵਿਚ ਰਾਊਂਡ ਟੇਬਲ ਕਾਨਫਰੰਸ ਵਿਚ ਉਹਨਾਂ ਨੇ ਅੰਗਰੇਜ਼ਾਂ ਨੂੰ ਰਜ਼ਾਮੰਦ ਕਰਕੇ ਇਹਨਾਂ ਲੋਕਾਂ ਦੇ ਲਈ ਬਰਾਬਰੀ ਦੇ ਵੋਟ ਦੇ ਅਧਿਕਾਰ ਦਾ ਪ੍ਰਬੰਧ ਕਰਵਾਇਆ ਅਤੇ ਇਸਦੇ ਨਾਲ ਹੀ ਉਹਨਾਂ ਦੇ ਲਈ ਸੈਪਰੇਟ ਇਲੈਕਟ੍ਰੋਲ ਦਾ ਪ੍ਰਬੰਧ ਵੀ ਕੀਤਾ ਤਾਂ ਜੋ ਇਹਨਾਂ ਵਰਗਾਂ ਦੇ ਸਹਾਰੇ ਤੇ ਇਹਨਾਂ ਲੋਕਾਂ ਨੂੰ ਉਮੀਦਵਾਰ ਅਸੈਂਬਲੀਅਤੇ ਪਾਰਲੀਮੈਂਟ ਵਿਚ ਪਹੁੰਚਣ। ਪਰ ਗਾਂਧੀ ਜੀ ਨੂੰ ਇਹ ਗੱਲ ਪਸੰਦ ਨਾ ਆਈ। ਕਾਂਗਰਸ ਨੂੰ ਵੀ ਇਹ ਗੱਲ ਪਸੰਦ ਨਾ ਆਈ। ਗਾਂਧੀ ਜੀ ਨੇ ਮਰਨ ਵਰਤ ਆਰੰਭ ਕਰ ਦਿੱਤਾ। ਬਾਬਾ ਸਾਹਿਬ ਅੰਬੇਦਕਰ ਨੂੰ ਪੂਨਾ ਪੈਕਟ ਸਾਈਨ ਕਰਨਾ ਪਿਆ ਪਰ ਇਸ ਤੋਂ ਬਾਅਦ ਵੀ ਜਦੋਂ ਤੱਕ ਬਾਬਾ ਸਾਹਿਬ ਜ਼ਿੰਦਾ ਰਹੇ ਉਹ ਇਹਨਾਂ ਵਰਗਾਂ ਦੀ ਗੱਲ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਵਿਚ ਲੱਗੇ ਰਹੇ ਅਤੇ ਉਹਨਾਂ ਦੀਆਂ ਇਹਨਾਂ ਕੋਸ਼ਿਸ਼ਾਂ ਨੂੰ ਅੱਗੇ ਵਧਾਉਣ ਦੇ ਕੰਮ ਵਿਚ ਅੱਜ ਅਸੀਂ ਲੋਕ ਲੱਗੇ ਹਾਂ।

ਅਸੀਂ ਲੋਕ ਬਹੁਜਨ ਸਮਾਜ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਅਸੀਂ ਬਹੁਜਨ ਸਮਾਜ ਦੀ ਕੌਮੀ ਪਾਰਟੀ ਬਣਾਉਣ ਤੋਂ ਬਾਅਦ ਅੱਜ ਇਹ ਨਾਅਰਾ ਲਗਾਉਂਦੇ ਹਾਂ ਕਿ ਬੀ. ਐਸ. ਪੀ. ਦੀ ਕੀ ਪਛਾਣ ਨੀਲਾ ਝੰਡਾ ਹਾਥੀ ਨਿਸ਼ਾਨ।

ਇਸ ਕਰਕੇ ਅਸੀਂ ਦੇਸ਼ ਦੇ ਕੋਨੇ-ਕੋਨੇ ਵਿਚ ਬਹੁਜਨ ਸਮਾਜ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਬਹੁਜਨ ਸਮਾਜ ਦੀ ਗੱਲ ਨੂੰ ਅੱਗੇ ਵਧਾਉਣ ਅਤੇ ਉਹਨਾਂ ਦੇ ਹਿੱਤਾਂ ਦੀ ਰੱਖਿਆ ਕਰਨ। ਬਹੁਜਨ ਸਮਾਜ ਨੂੰ ਵੋਟ ਵਾਲੇ ਸਮਾਜ ਨੂੰ ਇਯ ਦੇਸ਼ ਦਾ ਹੁਕਮਰਾਨ ਸਮਾਜ ਬਣਾਉਣ ਵਿਚ ਸਾਡੀ ਮਦਦ ਕਰੋ।

ਜੈ ਭੀਮ! ਜੈ ਭਾਰਤ!!


Satvendar Madara

**ਬਹੁਜਨ ਸੰਗਠਕ**
**(ਸਤੰਬਰ 7, 1999)**
**ਤੋਂ ਧੰਨਵਾਦ ਸਹਿਤ**

# ਇਤਿਹਾਸ ਦੇ ਝਰੋਖੇ 'ਚੋਂ

## ਆਦਿ-ਧਰਮ ਦਾ ਮੈਮੋਰੈਂਡਮ (1929)



BABA MANGU RAM MUGGOWALIA JI
14-01-1886 - 22-04-1980




ਆਦਿ-ਧਰਮ ਮੰਡਲ ਪੰਜਾਬ ਨੇ 12. 10. 1929 ਨੂੰ ਮਹਾਂਮਹਿਮ ਸਰ ਜਾਫਰੀ ਫਿਤਜ਼ੇਵਰੀ ਡੀ ਮੋਂਟਮੋਰੈਂਸੀ, ਗਵਰਨਰ ਪੰਜਾਬ ਨੂੰ ਜਲੰਧਰ ਵਿਖੇ ਹੇਠਲਾ ਮੰਗ-ਪੱਤਰ ਪੇਸ਼ ਕੀਤਾ ਜਦੋਂ ਉਹ ਲਾਹੌਰ ਤੋਂ ਇੱਥੇ ਆਏ ਸਨ। ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਹਿਤ ਅਛੂਤ ਸਮਾਜ ਵੱਲੋਂ ਛੂਤਛਾਤ ਤੇ ਅਬਰਾਬਰੀ ਦੇ ਖਾਤਮੇ ਖਾਤਰ ਸਰਕਾਰੀ ਪੱਤਰ ਉਤੇ ਇਹ ਪਹਿਲਾ ਇਤਿਹਾਸਕ ਸੰਘਰਸ਼ ਭਰਿਆ ਉਦਮ ਸੀ।

**ਮਹਾਂਮਹਿਮ ਦੀ ਸੇਵਾ ਵਿਚ**

ਅਸੀਂ ਆਦਿ-ਧਰਮ ਮੰਡਲ ਪੰਜਾਬ, ਜਲੰਧਰ ਦੇ ਮੈਂਬਰ ਪੰਜਾਬ ਦੀਆਂ ਤੀਹ ਲੱਖ ਰੂਹਾਂ ਅਤੇ ਸਮੁੱਚੇ ਹਿੰਦੁਸਤਾਨ ਦੇ ਸੱਤ ਕਰੋੜ ਲੋਕਾਂ ਜਿਹਨਾਂ ਨੂੰ ਨਿਰਾਦਰਪੂਰਵਕ ''ਸ਼ੂਦਰ'' ਜਾਂ ਅਛੂਤ ਆਖਿਆ ਜਾਂਦਾ ਹੈ, ਉਸ ਦੱਬੇ-ਕੁਚਲੇ ਸਮਾਜ ਦੇ ਨੁਮਾਇੰਦੇ ਹਾਂ। ਮਹਾਂਮਹਿਮ ਨੂੰ ਪਤਾ ਹੀ ਹੋਵੇਗਾ ਕਿ ਅਸੀਂ ਇਕ ਪੁਰਾਤਨ ਨਸਲ ਨਾਲ ਸਬੰਧਤ ਹਾਂ ਜਿਸ ਨੇ ਲੱਗਭਗ 5 ਹਜ਼ਾਰ ਸਾਲ ਪਹਿਲਾਂ ਹਿੰਦੁਸਤਾਨ ਉਤੇ ਰਾਜ ਕੀਤਾ, ਆਰੀਆਂ ਵੱਲੋਂ ਹਿੰਦੁਸਤਾਨ ਉਤੇ ਹਮਲੇ ਤੋਂ ਪਹਿਲਾਂ। ਇਹ ਬਾਹਰਲੀਆਂ ਜੁੰਡਲੀਆਂ ਕੇਂਦਰੀ ਏਸ਼ੀਆ ਦੇ ਖਿੱਤੇ ਤੋਂ ਹਿੰਦੁਸਤਾਨ ਆਈਆਂ ਜਿਹਨਾਂ ਸਾਡੇ ਪੁਰਵਜਾਂ ਨੂੰ ਹਰਾਇਆ, ਉਹਨਾਂ ਨਾਲ ਜ਼ਾਲਮਾਨਾ ਸਲੂਕ ਕੀਤਾ, ਉਹ ''ਸਭਿਅਕ ਆਰੀਅਨ'' ਕਹਾਉਣ ਵਾਲੇ ਇਕ ਤਰੀਕੇ ਨਾਲ ਅਸਭਿਆ ਮਾਨਸਿਕਤਾ ਵਾਲੇ ਵਿਦੇਸ਼ੀ ਜ਼ਾਲਮ ਮਾਲਕ ਸਾਬਤ ਹੋਏ। ਜਿੱਤ ਗਈ ਨਸਲ ਵਿਚੋਂ ਜਿਹੜੇ ਬਚੇ, ਉਹ ਆਪਣੇ ਸਵੈ-ਮਾਣ ਖਾਤਰ, ਗੁਲਾਮ ਹੋਣ ਤੋਂ ਬਾਗੀ ਹੋ ਗਏ, ਉਹਨਾਂ ਭੱਜ ਕੇ ਜੰਗਲਾਂ ਵਿਚ ਪਨਾਹ ਲੈ ਲਈ। ਆਰੀਆ ਜਿਹਨਾਂ ਦੇ ਵਰਤਮਾਨ ਵੰਸ਼ ਉੱਚ ਸ਼੍ਰੇਣੀ ਹਿੰਦੂ ਆਖੇ ਜਾਂਦੇ ਹਨ, ਚਿਰ-ਕਾਲ ਤੋਂ ਅਤਿ ਅਣਮਨੁੱਖੀ ਬੇਰਹਿਮੀ ਨਾਲ ਵਿਵਹਾਰ ਕਰਦੇ ਆ ਰਹੇ ਹਨ, ਸੋ ਇੰਝ ਸਾਡੇ ਬਦਕਿਸਮਤ ਆਬਾਦੀ ਪੱਖੋਂ ਵੱਡੇ ਸਮਾਜ ਦਾ ਹੁਣ ਸਿਰਫ਼ ਛੋਟਾ ਜਿਹਾ ਨਾਂ ਹੈ। ਇਸ ਹਕੀਕਤ ਦੇ ਬਾਵਜੂਦ ਕਿ ਸਾਡੇ (ਅਛੂਤ) ਸਮਾਜ ਵਿਚ ਕੁਝ ਉੱਚ ਸਿੱਖਿਆ ਵਾਲੇ ਤੇ ਯੋਗ ਆਦਮੀ ਹਨ ਪਰ ਸਮਾਜ ਵਿਚ ਉਹਨਾਂ ਨੂੰ ਕੋਈ ਆਦਰਯੋਗ ਰੁਤਬਾ ਨਹੀਂ ਦਿੱਤਾ ਗਿਆ। ਸਾਨੂੰ ਕਿਸੇ ਵੀ ਚੀਜ਼ ਦਾ ਮਾਲਕਾਨਾ ਹੱਕ ਨਹੀਂ, ਕੋਈ ਅਧਿਕਾਰ ਨਹੀਂ, ਇੱਥੋਂ ਤੱਕ ਕਿ ਸਾਨੂੰ ਆਪਣੀਆਂ ਜ਼ਿੰਦਗੀਆਂ ਦੀ ਰੱਖਿਆ ਦਾ ਅਧਿਕਾਰ ਵੀ ਨਹੀਂ। ਸਾਡੇ ਦਬੇ-ਕੁਚਲੇ ਸਮਾਜ ਦੇ ਨਾਲ ਸਖ਼ਤ ਵਰਤਾਰੇ ਦੀ ਵਜ੍ਹਾ ਦਾ ਨਤੀਜਾ ਹੈ। ਸਾਡੀ ਬੁਰੀ ਦਸ਼ਾ ਪੁਰਾਣੇ ਆਰੀਆਂ ਦੇ 'ਅਗੁਸਤ' ਐਲਾਨਨਾਮੇ ਦੇ ਸਿੱਟੇ ਵਜੋਂ ਜੋ 'ਮਨੁ ਸਮ੍ਰਿਤੀ' ਵਿਚ ਨਿਯਮਾਂ ਦੇ ਤੌਰ ਤੇ ਸ਼ਾਮਲ ਹਨ ਅਤੇ ਦੂਜੇ ਹਿੰਦੂ ਗ੍ਰੰਥਾਂ ਜੋ ਇਸੇ ਕਿਸਮ ਦੇ ਹਨ, ਦੇ ਕਾਰਨ ਹੈ। ਮਹਾਂਮਹਿਮ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਧਾਰਮਿਕ ਆਖੀਆਂ ਜਾਂਦੀਆਂ ਪੋਥੀਆਂ ਇਹਨਾਂ ਗੱਲਾਂ ਨਾਲ ਭਰੀਆਂ ਹੋਈਆਂ ਹਨ ਕਿ ਆਦਿ-ਧਰਮੀ ਉੱਚ ਸ਼੍ਰੇਣੀ ਹਿੰਦੂਆਂ ਦੀ ਸੇਵਾ ਲਈ ਹੀ ਪੈਦਾ ਕੀਤੇ ਗਏ ਹਨ, ਇਸ ਲਈ ਸਾਨੂੰ ਕਿਸੇ ਵੀ ਤਰ੍ਹਾਂ ਦੀ ਸੰਪਤੀ ਰੱਖਣ ਦਾ ਅਧਿਕਾਰ ਨਹੀਂ, ਇੱਥੋਂ ਤੱਕ ਕਿ ਇਕ ਉੱਚ ਸ਼੍ਰੇਣੀ ਹਿੰਦੂ ਵੱਲੋਂ ਸਾਡੇ ਮਨਮਰਜ਼ੀ ਨਾਲ ਕੀਤੇ ਜਾਂਦੇ ਕਤਲ ਆਦਿ ਵਿਚ ਉਸ ਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ। ਸਾਡੀਆਂ ਸਾਰੀਆਂ ਮੰਗਾਂ ਉੱਚ ਸ਼੍ਰੇਣੀ ਹਿੰਦੂਆਂ ਵੱਲੋਂ ਆਪਹੁਦਰੇ ਢੰਗ ਨਾਲ ਦਬਾਅ ਦਿੱਤੀਆਂ ਗਈਆਂ ਹਨ ਅਤੇ ਆਪਣੀ ਹਾਲਤ ਬਿਹਤਰ ਬਣਾਉਣ ਲਈ ਸਾਡੇ ਉਦਮਾਂ ਨੂੰ ਜਾਣ-ਬੁੱਝ ਕੇ ਲਤਾੜਿਆ ਗਿਆ ਹੈ। ਇਸ ਲਈ, ਅਸੀਂ ਨਿਮਰਤਾ ਸਹਿਤ ਆਪਣੀ ਸਥਿਤੀ ਆਪਣੇ ਸਮਾਜ ਦੀਆਂ ਮੰਗਾਂ ਪੇਸ਼ ਕਰਦੇ ਹਾਂ ਤੇ ਸਾਨੂੰ ਹੌਸਲੇ ਭਰੀ ਉਮੀਦ ਹੈ ਕਿ ਤੁਸੀਂ ਭਰਪੂਰ ਤਵੱਜੋਂ ਦਿਓਗੇ। ਸਾਨੂੰ ਕਹਿੰਦਿਆਂ ਅਫ਼ਸੋਸ ਹੈ ਕਿ ਹਿੰਦੂ ਮੁਲਾਜ਼ਮ ਜਿਹੜੇ ਸਾਡੇ ਅਧਿਕਾਰਾਂ ਅਤੇ ਰਿਆਇਤਾਂ ਨਾਲ ਸਬੰਧਤ ਹਨ, ਨੇ ਸਾਡੇ ਨਾਲ ਕੋਈ ਇਨਸਾਫ ਨਹੀਂ ਕੀਤਾ। ਸਰਕਾਰ ਦਾ ਸਾਰਾ ਲੈਣ-ਦੇਣ ਹਿੰਦੂਆਂ ਨਾਲ ਦਾ ਮਤਲਬ ਸਿਰਫ ਉੱਚ ਸ਼੍ਰੇਣੀ ਹਿੰਦੂ ਨਹੀਂ, ਨਤੀਜੇ ਵਜੋਂ ਸਾਡੀਆਂ ਔਕੜਾਂ ਸਰਕਾਰ ਤੱਕ ਨਹੀਂ ਪਹੁੰਚ ਸਕਦੀਆਂ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜੋ ਸੁਧਾਰ ਹਿੰਦੂਆਂ ਨੂੰ ਦਿੱਤੇ ਗਏ ਹਨ, ਦਰਅਸਲ ਸਿਰਫ ਹਿੰਦੂ ਉੱਚ ਸ਼੍ਰੇਣੀ ਨੂੰ ਹੀ ਦਿੱਤੇ ਗਏ ਹਨ। ਇੰਝ ਹੁੰਦਿਆਂ, ਅਸੀਂ ਹੁਣ ਦੋ ਸਰਕਾਰਾਂ ਦੇ ਅਧੀਨ ਹਾਂ- ਉੱਚ ਸ਼੍ਰੇਣੀ ਹਿੰਦੂ ਸਰਕਾਰ ਅਤੇ ਮੌਜੂਦਾ ਬ੍ਰਿਟਿਸ਼ ਸਰਕਾਰ।

ਮੁਸਲਮਾਨ ਦੀ ਬਹੁਤਾਤ ਵਾਲੇ ਪ੍ਰਾਂਤ ਕਰਕੇ ਇੱਥੇ ਦੂਜੇ ਰਾਜਾਂ ਦੇ ਮੁਕਾਬਲੇ ਛੂਤਛਾਤ ਘੱਟ ਹੈ। ਪਰ ਜਿੱਥੋਂ ਤੱਕ ਰਾਜਨੀਤਿਕ ਹਾਲਤ ਦਾ ਸਬੰਧ ਹੈ, ਅਸੀਂ ਦੂਜੇ ਛੂਤਛਾਤ ਪ੍ਰਭਾਵੀ ਪ੍ਰਾਂਤਾਂ ਨਾਲੋਂ ਭੋਰਾ ਵੀ ਬਿਹਤਰ ਨਹੀਂ, ਸਗੋਂ ਸਿਆਸੀ ਨਜ਼ਰੀਏ ਤੋਂ ਬਹੁਤ ਭੈੜੀ ਹਾਲਤ ਵਿਚ ਹਾਂ। ਇੱਥੋਂ ਤੱਕ ਕਿ ਸਥਾਨਕ ਵਿਧਾਨ ਸਭਾ ਜਾਂ ਕਿਸੇ ਸਥਾਨਕ ਸਰਕਾਰ ਵਿਚ ਸਾਡੇ ਭਾਈਚਾਰੇ ਦਾ ਇਕ ਵੀ ਮੈਂਬਰ ਨਹੀਂ ਜਦਕਿ ਦੂਜੇ ਪ੍ਰਾਂਤਾਂ ਵਿਚ ਅਜਿਹੀਆਂ ਨਾਮਜ਼ਦਗੀਆਂ ਸਰਕਾਰ ਵੱਲੋਂ ਕੀਤੀਆਂ ਗਈਆਂ ਹਨ- ਉਹ ਵੀ 1 ਤੋਂ ਲੈ ਕੇ 11 ਸਥਾਨਕ ਵਿਧਾਨ ਸਭਾ ਮੈਂਬਰਾਂ ਤੱਕ। ਮੌਜੂਦਾ ਚੋਣ ਪ੍ਰਣਾਲੀ ਦਾ ਸਾਨੂੰ ਕੋਈ ਫਾਇਦਾ ਨਹੀਂ ਕਿਉਂਕਿ ਉੱਚ ਸ਼੍ਰੇਣੀ ਹਿੰਦੂ ਜਾਤ ਪਾਤ ਦੇ ਪੱਖਪਾਤ ਤੋਂ ਪੂਰੀ ਚੜ੍ਹਾਈ 'ਤੇ ਹਨ। ਇਸ ਲਈ ਸਾਡੇ ਕੋਲ ਇਕੋ-ਇਕ ਖੁੱਲ੍ਹਾ ਤਰੀਕਾ ਵੱਖਰੇ ਚੋਣ ਹਲਕੇ ਹੋਣਾ ਚਾਹੀਦਾ ਹੈ, ਜਿੱਥੇ ਸਾਡਾ ਰਾਜਨੀਤਿਕ, ਸਮਾਜਿਕ ਅਤੇ ਨੈਤਿਕ ਆਜ਼ਾਦ ਜੀਵਨ ਹੋਵੇ। ਸਾਡੀ ਸਥਿਤੀ ਸੰਖੇਪ ਵਿਚ ਨਿਮਨ ਅਨੁਸਾਰ ਵਰਣਨ ਕੀਤੀ ਜਾ ਸਕਦੀ ਹੈ:

1. ਕਿ ਸਾਡੇ ਸਮਾਜ ਦੀ ਆਬਾਦੀ ਪੰਜਾਬ ਵਿਚ 30 ਲੱਖ ਦੇ ਕਰੀਬ ਅਤੇ ਸਮੁੱਚੇ ਹਿੰਦੁਸਤਾਨ ਵਿਚ ਲੱਗਭੱਗ ਸੱਤ ਕਰੋੜ ਹੈ।
2. ਕਿ ਮੁਕਾਬਲਤਨ ਅਸੀਂ ਸਿੱਖਿਆ, ਸਰਕਾਰੀ ਸੇਵਾ, ਸਮਾਜਿਕ ਰੁਤਬੇ ਆਦਿ ਪੱਖੋਂ ਬਹੁਤ ਹੀ ਪਿਛੜੇ ਲੋਕ ਹਾਂ।
3. ਕਿ ਅਸੀਂ ਹਿੰਦੂ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ, ਨਾ ਹੀ ਅਸੀਂ ਇਸ ਵਿਚ ਸ਼ਰਧਾ ਰੱਖਦੇ ਹਾਂ, ਇਸ ਲਈ ਸਾਡੀ ਇੱਛਾ ਨਹੀਂ ਕਿ ਸਾਨੂੰ ਹਿੰਦੂ ਆਖਿਆ ਜਾਵੇ, ਸਗੋਂ ਹਿੰਦੁਸਤਾਨ ਦੀ ਪੁਰਾਤਨ ਆਬਾਦੀ ਹੁੰਦਿਆਂ ਵੱਖ-ਵੱਖ ਵਰਗਾਂ ਦੇ ਸਾਰੇ ਅਛੂਤਾਂ ਦੀ ਇੱਛਾ ਹੈ ਕਿ ਸਾਨੂੰ ''ਆਦਿ-ਧਰਮ'' ਆਖਿਆ ਜਾਵੇ ਅਤੇ ਆਉਂਦੀ ਮਰਦਮਸ਼ੁਮਾਰੀ (1931) ਵਿਚ ਸਾਨੂੰ ''ਆਦਿ-ਧਰਮੀ'' ਲਿਖਿਆ ਜਾਣਾ ਚਾਹੀਦਾ ਹੈ।
4. ਸਾਡੀ ਕੋਈ ਖਾਹਿਸ਼ ਨਹੀਂ ਕਿ ਉੱਚ ਸ਼੍ਰੇਣੀ ਹਿੰਦੂਆਂ ਨਾਲ ਗੂੜ੍ਹਾ ਸਮਾਜਿਕ ਜਾਂ ਰਾਜਨੀਤਿਕ ਮੇਲ-ਮਿਲਾਪ ਰਹੇ ਜੋ ਸੋਚਦੇ ਹਨ ਕਿ ਉਹ ਸਾਡੇ ਵੱਲੋਂ ਛੋਹ ਹੋ ਜਾਣ ਨਾਲ ਹੀ ਜਾਂ ਉਹਨਾਂ ਉਤੇ ਸਾਡਾ ਪਰਛਾਵਾਂ ਪੈਣ ਨਾਲ ਹੀ ਭਿੱਟ ਹੋ ਜਾਂਦੇ ਹਨ, ਭਾਵੇਂ ਉਹ ਸਾਨੂੰ ਆਪਣੇ ਵਿਚ ਗਿਣਨ ਦੀ ਹਿੰਮਤ ਕਰਦੇ ਹਨ ਤਾਂ ਕਿ ਸਾਡੇ ਸਿਰ 'ਤੇ ਵਧੇਰੇ ਅਧਿਕਾਰ ਮਾਣਨ। ਇਸ ਲਈ ਸਾਡੀ ਸਥਿਤੀ ਦਾ ਇਹ ਪੱਖ ਸਾਡੀਆਂ ਨਿਮਨ ਸਧਾਰਨ ਮੰਗਾਂ ਰਾਹੀਂ ਸੁਧਾਰਿਆ ਜਾ ਸਕਦਾ ਹੈ:

ਸਾਡੀਆਂ ਮੰਗਾਂ:

1. ਆਦਿ ਧਰਮੀ (ਅਛੂਤਾਂ) ਲੜਕਿਆਂ ਤੇ ਲੜਕੀਆਂ ਦੀ ਬਿਹਤਰ ਸਿੱਖਿਆ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਅਤੇ ਉਹਨਾਂ ਲਈ ਕੌਮੀ ਵਜ਼ੀਫੇ ਵੱਖਰੇ ਤੌਰ ਤੇ ਅਤੇ ਮੁਫ਼ਤ ਪ੍ਰਾਇਮਰੀ ਸਿੱਖਿਆ ਲਾਗੂ ਕੀਤੀ ਜਾਣੀ ਚਾਹੀਦੀ ਹੈ।
2. ਸਾਰੀਆਂ ਸਰਕਾਰੀ ਸੰਸਥਾਵਾਂ ਤੇ ਵਿਧਾਨ ਸਭਾ ਵਿਚ ਸਾਡੇ ਮੰਡਲ ਦੇ ਸਮਾਜ ਵੱਲੋਂ ਚੁਣਿਆਂ ਨੂੰ ਵੱਖਰੀ ਪ੍ਰਤੀਨਿਧਤਾ ਹੋਵੇ।
3. ਸਾਡੇ ਪ੍ਰਾਂਤ ਦਾ ਇਕ ਮੰਤਰੀ ਹੋਵੇ।
4. ਰਿਹਾਇਸ਼ੀ ਘਰਾਂ ਦੀ ਕਿਸੇ ਵੀ ਜਾਇਦਾਦ ਅਤੇ ਸਾਂਝੀਆਂ ਜ਼ਮੀਨਾਂ ਦੀ ਮਾਲਕੀ ਦੇ ਬਰਾਬਰ ਅਧਿਕਾਰ ਹੋਣ ਜਿਵੇਂ ਕਿ ਦੂਜੇ ਸਮਾਜਾਂ ਵੱਲੋਂ ਮਾਣੇ ਜਾਂਦੇ ਹਨ।
5. ਸਾਰੇ ਜ਼ਿਲ੍ਹੇ ਬੋਰਡ ਸਰਕਾਰੀ ਖੂਹਾਂ ਦੀ ਵਰਤੋਂ ਦੇ ਬਰਾਬਰ ਅਧਿਕਾਰ ਹੋਣ ਜਿਵੇਂ ਕਿ ਦੂਜੇ ਸਮਾਜ ਮਾਣ ਰਹੇ ਹਨ।
6. ਮਨੁ ਸਮ੍ਰਿਤੀ ਤੇ ਅਜਿਹੀਆਂ ਸਾਰੀਆਂ ਹਿੰਦੂ ਪੋਥੀਆਂ ਉਤੇ ਪਾਬੰਦੀ ਲਾਈ ਜਾਵੇ, ਜਿਹਨਾਂ ਵਿਚ ਸਾਡੀ ਨਸਲ ਅਤੇ ਸਮਾਜ ਵਾਸਤੇ ਘ੍ਰਿਣਾ-ਭਰੇ ਵਰਨਣ ਹਨ।
7. ਸ਼ੂਦਰ ਦੇ ਨਾਂ 'ਤੇ ਸਾਡੇ ਬਾਰੇ ਕੋਈ ਜ਼ਿਕਰ ਸਖ਼ਤੀ ਨਾਲ ਮਨ੍ਹਾ ਹੋਣਾ ਚਾਹੀਦਾ ਹੈ।
8. ਪੁਲਿਸ, ਸਿਵਲ, ਫੌਜ, ਰੇਲਵੇ, ਸਿੱਖਿਆ ਅਤੇ ਡਾਕਟਰੀ ਵਿਭਾਗਾਂ ਆਦਿ ਸਮੇਤ ਸਾਰੀਆਂ ਸੇਵਾਵਾਂ ਵਿਚ ਹਿੱਸਾ ਹੋਵੇ।
9. ਸਾਡੀ ਜਾਤ ਦੇ 60 ਪ੍ਰਤੀਸ਼ਤ ਲੋਕ ਜ਼ਿਮੀਦਾਰਾਂ ਨਾਲ ਖੇਤੀਬਾੜੀ ਦਾ ਕੰਮ ਕਰਦੇ ਹਨ ਪਰ ਉਹ ਬਹੁਤ ਹੀ ਨਿਗੂਣਾ ਹਿੱਸਾ ਗਰੀਬ ਅਛੂਤਾਂ ਨੂੰ ਦਿੰਦੇ ਹਨ ਅਤੇ ਅਸੀਂ ਸੁਣਦੇ ਹਾਂ ਕਿ 1518700 ਏਕੜ ਜ਼ਮੀਨ ਪੰਜਾਬ ਸਰਕਾਰ ਕੋਲ ਹੈ, ਜਿਸ ਉਤੇ ਕਾਸ਼ਤ ਨਹੀਂ ਕੀਤੀ ਜਾਂਦੀ। ਇਸ ਲਈ, ਸਾਡੇ ਵਾਸਤੇ ਕਾਲੋਨੀਆਂ ਵਿਚ ਜ਼ਮੀਨ ਰਾਖਵੀਂ ਰੱਖੀ ਜਾਵੇ, ਜਿਵੇਂ ਕਿ ਦੂਜੇ ਸਮਾਜਾਂ ਲਈ ਰੱਖੀ ਗਈ ਹੈ।
10. ਦਿ ਪੰਜਾਬ ਏਲੀਨੇਸ਼ਨ ਐਕਟ (ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ) ਨੇ ਸਾਨੂੰ ਇੰਨਾ ਕਮਜ਼ੋਰ ਕਰ ਦਿੱਤਾ ਹੈ ਕਿ ਦੂਜੇ ਸਮਾਜਾਂ ਦੇ ਲੋਕ ਜਬਰੀ ਤੌਰ ਤੇ ਸਾਡੇ ਤੋਂ ਸੇਵਾਵਾਂ ਕਰਾਉਂਦੇ ਹਨ, ਇਸ ਲਈ ਕਿ ਸਾਡੇ ਘਰ ਉਹਨਾਂ ਦੀ ਜ਼ਮੀਨ ਉਤੇ ਬਣੇ ਹੋਏ ਹਨ, ਕਿਉਂਕਿ ਅਸੀਂ ਕੋਈ ਵੀ ਜ਼ਮੀਨ ਖਰੀਦ ਨਹੀਂ ਸਕਦੇ, ਇੱਥੋਂ ਤੱਕ ਕਿ ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ 1909 ਈ: ਤਹਿਤ ਘਰਾਂ ਵਾਸਤੇ ਵੀ ਨਹੀਂ, ਇਸ ਲਈ ਇਸ ਕਾਨੂੰਨ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।
11. ਭਾਵੇਂ ਸਰਕਾਰ ਵੱਲੋਂ ਦੋ ਕਾਨੂੰਨ ਬੇਗਾਰ ਦੇ ਖਾਤਮੇ ਲਈ ਪਾਸ ਕੀਤੇ ਗਏ ਹਨ ਪਰ ਅਫਸਰ ਇਹਨਾਂ ਕਾਨੂੰਨਾਂ ਦੀ ਪਰਵਾਹ ਨਹੀਂ ਕਰਦੇ ਅਤੇ ਉਹ ਬਿਨਾਂ ਕਿਸੇ ਅਦਾਇਗੀ ਦੇ ਸਾਨੂੰ ਕਰਨ ਨੂੰ ਮਜਬੂਰ ਕਰਦੇ ਹਨ। ਸਰਕਾਰ ਨੂੰ ਸਭ ਕਿਸਮਾਂ ਦੀ ਬੇਗਾਰ ਉਤੇ ਪਾਬੰਦੀ ਦਾ ਐਲਾਨ ਕਰਨਾ ਚਾਹੀਦਾ ਹੈ।
12. ਸਾਡੇ ਸਮਾਜ ਉਤੇ ਜ਼ਰਾਇਮ-ਪੇਸ਼ਾ ਦਾ ਦੋਸ਼ ਹੈ ਕਿ ਜਦ ਕਿ ਅਸੀਂ ਹਰੇਕ ਜ਼ਰਾਇਮ ਤੋਂ ਰਹਿਤ ਹਾਂ, ਇਸ ਲਈ ਇਹ ਦੋਸ਼ ਹਟਾਇਆ ਜਾਵੇ। ਨਿਰਦੋਸ਼ਤਾ ਦੀ ਰਾਸ਼ਟਰੀ ਮਨੌਤ ਆਦਿ-ਧਰਮੀਆਂ ਨਾਲ ਜੋੜੀ ਜਾਵੇ।
13. ਵਿਦੇਸ਼ਾਂ ਨੂੰ ਜਾਣ ਦੀ ਸਾਨੂੰ ਆਗਿਆ ਦਿੱਤੀ ਜਾਵੇ ਕਿਉਂਕਿ ਸਾਡੀ ਹਾਲਤ ਬਹੁਤ ਗਰੀਬੀ ਵਾਲੀ ਹੈ।
14. ਅਸੀਂ ਆਪਣੇ-ਆਪ ਨੂੰ ਆਦਿ-ਧਰਮੀ ਕਹਿਣਾ-ਕਹਾਉਣਾ ਚਾਹੁੰਦੇ ਹਾਂ ਜਦਕਿ ਦੂਜੇ ਸਮਾਜ ਖਾਸ ਤੌਰ ਤੇ ਹਿੰਦੂ ਇਸ ਗੱਲ ਨੂੰ ਪਸੰਦ ਨਹੀਂ ਕਰਦੇ ਅਤੇ ਉਹ ਸਾਨੂੰ ਅਜਿਹਾ ਕਰਨ ਤੋਂ ਰੋਕਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ ਅਤੇ ਹਰ ਸੰਭਵ ਤਰੀਕੇ ਨਾਲ ਸਾਨੂੰ ਦੁਖੀ ਕਰਨ ਲਈ ਉਹੀ ਨਫ਼ਰਤ ਭਰੇ ਸ਼ਬਦ (ਸ਼ੂਦਰ) ਨਾਲ ਬੁਲਾਉਂਦੇ ਹਨ।

ਇਸ ਲਈ ਇਹਨਾਂ ਮਸਲਿਆਂ ਨੂੰ ਨਜਿੱਠਣ ਲਈ ਸਾਡੇ ਸਮਾਜ ਵਿਚੋਂ ਸਰਕਾਰ ਵੱਲੋਂ ਇਕ ਕਮੇਟੀ ਨਿਯੁਕਤ ਕੀਤੀ ਜਾਣੀ ਚਾਹੀਦੀ ਹੈ।

ਮਾਨਵਤਾ ਅਤੇ ਬਰਤਾਨਵੀ ਨਿਆਂ ਦੀ ਭਾਵਨਾ ਦੇ ਨਾਂ ਉਤੇ ਅਸੀਂ ਆਪ ਜੀ ਨੂੰ, ਜਿਵੇਂ ਤੁਸੀਂ ਜ਼ਰੂਰੀ ਸਮਝਦੇ ਹੋ ਅਜਿਹੇ ਕਦਮ ਚੁੱਕਣ ਲਈ ਬੇਨਤੀ ਕਰਦੇ ਹਾਂ ਤਾਂ ਕਿ ਸਾਡਾ ਵਿਸ਼ਾਲ ਸਮਾਜ ਹੋਰ ਬਹੁਤ ਚਿਰ ਬਰਤਾਨਵੀ ਬਾਦਸ਼ਾਹਤ ਦੇ ਨਾਗਰਿਕਾਂ ਦੇ ਕੁਦਰਤੀ ਅਧਿਕਾਰਾਂ ਤੋਂ ਵੰਚਿਤ ਨਾ ਰਹੇ ਅਤੇ ਹਿੰਦੂ ਜ਼ਾਲਮ ਰਾਜਿਆਂ ਦੇ ਰਹਿਮ ਉਤੇ ਨਾ ਛੱਡਿਆ ਜਾਵੇ।

**ਉਮੀਦ ਵਿਚ ਆਪ ਜੀ ਦਾ ਧੰਨਵਾਦ।**
**ਬਹੁਤ ਹੀ ਮਾਣ ਨਾਲ**
**ਸ਼੍ਰੀਮਾਨ ਜੀ**
**ਮਹਾਂਮਹਿਮ ਦੇ ਅਤਿ ਆਗਿਆਕਾਰੀ ਸੇਵਾਦਾਰ**
**ਮੈਂਬਰਾਨ ਤੇ ਮੈਨਜਿੰਗ ਕਮੇਟੀ, ਆਦਿ-ਧਰਮ ਮੰਡਲ ਪੰਜਾਬ, ਜਲੰਧਰ ਸ਼ਹਿਰ**
**ਅਨੁਵਾਦ- ਬਲਬੀਰ ਮਾਧੋਪੁਰੀ।**

## ਆਦਿ ਧਰਮ

1926 ਤੋਂ 1931 ਤੱਕ ਦੀ ਆਦਿ ਧਰਮ ਮੰਡਲ ਰਿਪੋਰਟ 15 ਮਈ 1931 ਨੂੰ ਪ੍ਰਕਾਸ਼ਿਤ ਹੋਈ ਜਿਸ ਅਨੁਸਾਰ 1931 ਦੀ ਮਰਦਮ ਸ਼ੁਮਾਰੀ ਵਿੱਚ ਕਰੀਬ 5 ਲੱਖ ਲੋਕਾਂ ਨੇ ਆਪਣਾ ਧਰਮ 'ਆਦਿ ਧਰਮ' ਲਿਖਵਾਇਆ। ਇਸ ਰਿਪੋਰਟ ਦੇ ਮੁੱਖ ਬੰਦ ਵਿੱਚ ਲਿਖਿਆ ਮਿਲਦਾ ਹੈ, 'ਦੇਸ਼ ਦੀ ਕੁੱਲ ਵਸੋਂ ਦਾ ਚੌਥਾ ਹਿੱਸਾ ਅਛੂਤ ਹਨ ਅਤੇ ਏਡੀ ਵਿਸ਼ਾਲ ਸੰਖਿਆ ਨੂੰ ਉੱਚ ਜਾਤੀ ਹਿੰਦੂਆਂ ਨੇ ਪਿਛਲੇ 5000 ਵਰ੍ਹਿਆਂ ਤੋਂ ਗੁਲਾਮ ਬਣਾ ਰੱਖਿਆ ਹੈ। ਇਹਨਾਂ ਗਰੀਬਾਂ ਨੂੰ ਰਾਜਨੀਤਕ ਅਤੇ ਧਾਰਮਿਕ ਰੁਤਬੇ ਤੋਂ ਇਸ ਕਦਰ ਜ਼ਲੀਲ ਕਰਕੇ ਲਾਹਿਆ ਗਿਆ ਕਿ ਉਹਨਾਂ ਦੀਆਂ ਰੂਹਾਂ ਕੁਚਲ ਦਿੱਤੀਆਂ। ਏਨੀ ਬੁਰੀ ਤਰ੍ਹਾਂ ਦਰੜ ਦਿੱਤੇ ਗਏ ਕਿ ਅਛੂਤ ਆਪਣਾ ਆਪ, ਆਪਣੀ ਪਛਾਣ, ਆਪਣਾ ਮੂਲ ਤੱਕ ਭੁੱਲ ਗਏ।

ਸੱਚ ਤਾਂ ਇਹੋ ਹੈ ਕਿ ਅੰਗਰੇਜ਼ਾਂ ਤੋਂ ਪਹਿਲਾਂ ਭਾਰਤ ਵਿੱਚ ਜਿਸਨੇ ਵੀ ਰਾਜ ਕੀਤਾ, ਅਛੂਤਾਂ ਨਾਲ ਦੁਰ ਵਿਵਹਾਰ ਹੀ ਕੀਤਾ। ਅੱਜ ਦੇ ਅਛੂਤ, ਆਦਿ ਲੋਕਾਂ ਦੀ ਔਲਾਦ ਹਨ। ਉਹ, ਮਾਤ ਭੂਮੀ ਅਤੇ ਧਰਮ ਖੰਡ ਦੇ ਮੂਲ ਵਸ਼ਿੰਦੇ ਹਨ। ਆਪਣੀ ਮਾਤ ਭੂਮੀ ਵਿੱਚ ਉਹ ਅਮਨ ਚੈਨ ਵਾਲਾ ਅਧਿਆਤਮਕ ਜੀਵਨ ਬਸਰ ਕਰਦੇ ਸਨ। ਘੁੱਗ ਵਸਦੇ ਇਹਨਾਂ ਲੋਕਾਂ ਉੱਤੇ, ਖੂਨ ਦੇ ਪਿਆਸੇ ਹਮਲਾਵਰਾਂ ਨੇ ਹਮਲੇ ਕੀਤੇ ਅਤੇ ਕਤਲੋਆਮ ਮਚਾ ਦਿੱਤਾ। ਅਛੂਤਾਂ ਦੀਆਂ ਸਮੱਸਿਆਵਾਂ ਨੂੰ ਉੱਚ ਜਾਤੀ ਹਿੰਦੂ ਸਮਝ ਨਹੀਂ ਸਕਦੇ। ਇਸ ਕਰਕੇ ਅਛੂਤ, ਪਹਿਲਾਂ ਵਾਂਗ ਹੀ ਮੰਦੇ ਹਾਲਾਂ ਵਿੱਚ ਹਨ। ਅਛੂਤਾਂ ਕੋਲ ਤਿੰਨ ਸ਼ਕਤੀਆਂ 1. ਕੌਮੀ ਮਾਣ ਭਾਵ ਕੌਮੀਅਤ 2. ਧਰਮ ਭਾਵ ਮਜ਼ਹਬ 3. ਜੱਥੇਬੰਦੀ ਭਾਵ ਮਜਲਿਸ ਹਨ ਜਿਹਨਾਂ ਨੂੰ ਤਬਾਹ ਕਰਨ ਲਈ ਅਤੇ ਅਛੂਤਾਂ ਨੂੰ ਆਪਣੇ ਵਿੱਚ ਜਜ਼ਬ ਕਰਨ ਦੇ ਉਦੇਸ਼ ਨਾਲ ਸਾਡੇ ਵਿਰੋਧੀ ਸੰਗਠਨ, ਚਾਲਾਂ ਚੱਲਦੇ ਰਹਿੰਦੇ ਹਨ। ਆਦਿ ਧਰਮ ਦੇ ਕਈ ਡੈਪੂਟੇਸ਼ਨ ਸਰਕਾਰ ਨੂੰ ਮਿਲੇ ਅਤੇ ਯਾਦ ਪੱਤਰ ਦਿੱਤੇ। ਇੱਕ ਡੈਪੂਟੇਸ਼ਨ 12 ਅਕਤੂਬਰ 1929 ਨੂੰ ਜਲੰਧਰ ਵਿਖੇ ਗਵਰਨਰ ਪੰਜਾਬ ਸਰ ਜੀ. ਐਫ ਮੌਂਟਮੋਰੈਂਸੀ ਨੂੰ ਮਿਲਿਆ। ਇਸ ਦਿਨ ਨੂੰ ਅਲੱਗ ਲੋਕਾਂ ਵਜੋਂ ਅਛੂਤਾਂ ਦਾ ਜਨਮ ਦਿਨ ਕਿਹਾ ਜਾ ਸਕਦਾ ਹੈ। ਇਸ ਦਿਨ ਇਨਸਾਨਾਂ ਵਜੋਂ ਸਾਨੂੰ ਵੱਖਰੀ ਪਛਾਣ, ਵੱਖਰੀ ਹੋਂਦ, ਵੱਖਰੀ ਹਸਤੀ ਪ੍ਰਾਪਤ ਹੋਈ।

ਆਰੀਆਂ ਦੇ ਆਉਣ ਤੋਂ ਪਹਿਲਾਂ ਸਾਡੇ ਵੱਡੇ-ਵਡੇਰਿਆਂ ਨੇ ਸਰਬ ਪੱਖੀ ਮਹਾਨ ਸਫਲਤਾਵਾਂ ਹਾਸਲ ਕਰ ਲਈਆਂ ਸਨ ਜਿਹਨਾਂ ਨੂੰ ਆਰੀਆ ਲੋਕਾਂ ਨੇ ਤਬਾਹ ਕਰ ਦਿੱਤਾ। ਸ਼ਾਨਦਾਰ ਮਾਤ੍ਰ ਭੂਮੀ ਦੇ ਵਾਸੀ, ਜੰਗਲਾਂ ਅਤੇ ਪਹਾੜਾਂ ਵੱਲ ਧੱਕ ਦਿੱਤੇ ਗਏ। ਜਿਹੜੇ ਕਿਤੇ ਨਹੀਂ ਗਏ, ਗੁਲਾਮ ਬਣਾ ਲਏ, ਦਲਿਤਾਂ ਨੂੰ ਜ਼ਲੀਲ ਕਰਨ ਲਈ ਹਰ ਢੰਗ ਤਰੀਕਾ ਵਰਤਿਆ। ਹਮੇਸ਼ਾ ਮਨੂੰ ਦੇ ਹੁਕਮਾਂ ਨੂੰ ਮਾਨਤਾ ਦਿੱਤੀ। ਮੁਸਲਮਾਨਾਂ ਅਤੇ ਅੰਗ੍ਰੇਜ਼ਾਂ ਨੇ ਅਛੂਤਾਂ ਨੂੰ ਆਪਣੇ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਅਤੇ ਸਫਲ ਵੀ ਹੋਏ। ਈਸਾਈ ਮੱਤ ਦੇ ਪ੍ਰਭਾਵ ਨੂੰ ਸਵਾਮੀ ਦਇਆ ਨੰਦ ਨੇ ਹਿੰਦੂਵਾਦ ਲਈ ਵੱਡਾ ਖਤਰਾ ਸਮਝਿਆ ਅਤੇ 'ਆਰੀਆ ਸਮਾਜ' ਦੀ ਨੀਂਹ ਰੱਖੀ ਤਾਂ ਕਿ ਅਛੂਤ, ਹਿੰਦੂ ਸਮਾਜ ਨਾਲ ਹੀ ਚਿੰਬੜੇ ਰਹਿਣ। ਹੋਰ ਧਰਮਾਂ ਵਿੱਚ ਚਲੇ ਗਏ ਲੋਕਾਂ ਨੂੰ ਵਾਪਸ ਹਿੰਦੂ ਧਰਮ ਵਿੱਚ ਲਿਆਉਣ ਲਈ ਸ਼ੁੱਧੀ ਲਹਿਰ ਸ਼ੁਰੂ ਕੀਤੀ। ਅਛੂਤਾਂ ਨੂੰ ਗੁਮਰਾਹ ਕੀਤਾ ਗਿਆ। ਲਾਲਚ ਦਿੱਤੇ ਗਏ ਤਾਂ ਕਿ ਅਸੀਂ ਹਿੰਦੂ ਹੀ ਬਣੇ ਰਹੀਏ। ਸੋ 1925 ਦੇ ਸ਼ੁਰੂ ਵਿੱਚ ਆਦਿ ਧਰਮ ਨਾਂ ਦਾ ਇੱਕ ਸੰਗਠਨ ਬਣਾਇਆ ਜਿਸ ਵਿੱਚ ਸਭ ਵਰਗਾਂ ਦੇ ਦਲਿਤ ਲੋਕਾਂ ਨੂੰ ਇੱਕਠਾ ਕੀਤਾ ਗਿਆ। ਬਾਬੂ ਮੰਗੂ ਰਾਮ ਜੀ ਮੁੱਗੋਵਾਲ ਇਸ ਸੰਗਠਨ ਦੇ ਪ੍ਰਧਾਨ ਥਾਪੇ ਗਏ। ਫੈਸਲਾ ਹੋਇਆ ਕਿ ਅਛੂਤਾਂ ਦਾ ਧਰਮ, ਆਦਿ ਧਰਮ ਹੈ। ਜਿਵੇਂ ਪੁਰਾਣਾ ਤੇ ਸੁੱਕਾ ਦਰਖਤ ਮੁੜ ਜੀਵਤ ਹੋ ਉੱਠਿਆ ਹੋਵੇ, ਪੁਰਾਣਾ ਫੁੱਲ ਇੱਕ ਦਮ ਖਿਲ ਉੱਠਿਆ ਹੋਵੇ।

ਇਸ ਤਰ੍ਹਾਂ ਦੇ ਮਤੇ ਪਾਸ ਕੀਤੇ ਗਏ ਕਿ ਆਦਿ ਧਰਮ ਨੂੰ ਮੰਨਣ ਵਾਲੇ ਮੂਰਤੀ ਪੂਜਾ ਜਾਂ ਜਾਤਪਾਤ ਵਿੱਚ ਵਿਸ਼ਵਾਸ ਨਹੀਂ ਰੱਖਣਗੇ। ਜਿਹੜੇ ਧਰਮ ਗ੍ਰੰਥ ਅਤੇ ਧਰਮ ਸ਼ਾਸਤਰ, ਅਛੂਤਾਂ ਨੂੰ ਗੁਲਾਮ ਦੱਸਦੇ ਹਨ, ਉਹਨਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ।

ਅਸੀਂ ਹਿੰਦੂ ਨਹੀਂ ਹਾਂ! ਸਾਨੂੰ ਹਿੰਦੂ ਨਾ ਮੰਨਿਆਂ ਜਾਵੇ। ਸਾਡਾ ਮੱਤ ਹਿੰਦੂ ਨਹੀਂ, ਆਦਿ ਧਰਮ ਹੈ। ਅਸੀਂ ਹਿੰਦੂ-ਵਾਦ ਦਾ ਹਿੱਸਾ ਨਹੀਂ, ਹਿੰਦੂ ਸਾਡਾ ਹਿੱਸਾ ਨਹੀਂ ਹਨ। ਮਰਦ ਸ਼ੁਮਾਰੀ ਵਿੱਚ ਆਦਿ ਧਰਮ ਨੂੰ ਵੱਖਰਿਆਂ ਅੰਕਿਤ ਕੀਤਾ ਜਾਵੇ। ਮਨੂੰ ਦੇ ਕਾਨੂੰਨ ਵਰਗੀਆਂ ਪੁਸਤਕਾਂ ਜੋ ਅਛੂਤਾਂ ਲਈ ਗੁਲਾਮੀ ਵਾਲਾ ਵਤੀਰਾ ਨਿਰਧਾਰਤ ਕਰਦੀਆਂ ਹਨ, ਉੱਤੇ ਮੁਕੰਮਲ ਪਾਬੰਦੀ ਲਾਈ ਜਾਵੇ।

ਆਦਿ ਧਰਮ ਦੇ ਮੂਲ ਅਸੂਲਾਂ ਵਿੱਚ ਕਿਹਾ ਗਿਆ, ਗੁਰੂ ਉਹ ਹੈ ਜੋ ਪਹਿਲਾਂ ਹੋ ਚੁੱਕੇ ਸਿਆਣਿਆਂ ਦਾਨਿਸ਼ਮੰਦਾਂ ਦੀਆਂ ਸਿੱਖਿਆਵਾਂ ਨੂੰ ਸਹੀ ਸਹੀ ਜਾਣਦਾ ਸਮਝਦਾ ਹੈ। ਉਹ ਸੱਚ ਅਤੇ ਝੂਠ ਦਾ ਨਿਤਾਰਾ ਕਰਨ ਦੇ ਕਾਬਲ ਹੋਵੇ। ਸਮੁਦਾਏ ਦੇ ਲੋਕਾਂ ਵਿੱਚ ਸੁੱਖ ਸ਼ਾਂਤੀ ਵਰਤਾਉਣ ਵਾਲਾ ਅਤੇ ਪਿਆਰ ਵਧਾਉਣ ਵਾਲਾ ਹੋਵੇ।

ਆਦਿ ਧਰਮੀ, ਚੋਰੀ, ਧੋਖੇ, ਝੂਠ, ਬੇਈਮਾਨੀ ਤੋਂ ਦੂਰ ਰਹਿਣ, ਦੂਜੇ ਦੀ ਪਤਨੀ ਉੱਤੇ ਬੁਰੀ ਨਿਗ੍ਹਾ ਨਾ ਰੱਖੀ ਜਾਵੇ। ਨਸ਼ੇ ਅਤੇ ਜੂਏ ਤੋਂ ਗੁਰੇਜ਼ ਕੀਤਾ ਜਾਵੇ, ਦੂਜਿਆਂ ਦੀ ਜਾਇਦਾਦ ਜਾਂ ਚੀਜ਼ਾਂ ਵਸਤਾਂ ਦਾ ਲਾਲਚ ਨਾ ਕੀਤਾ ਜਾਵੇ। ਆਦਿ ਧਰਮ, ਜਾਤਪਾਤ ਵਿੱਚ ਵਿਸ਼ਵਾਸ ਨਹੀਂ ਰੱਖਦਾ। ਗਿਆਨ ਗ੍ਰਹਿਣ ਕਰਨਾ, ਗਿਆਨ ਦੀ ਖੋਜ ਕਰਨਾ ਅਤੇ ਤਰੱਕੀ ਦੇ ਮਾਰਗ ਉੱਤੇ ਵਧਦੇ ਜਾਣਾ, ਹਰ ਆਦਮੀ ਅਤੇ ਔਰਤ ਵਾਸਤੇ ਅਤਿਅੰਤ ਜ਼ਰੂਰੀ ਹੈ।

ਕਿਸੇ ਦਾ ਦਿਲ ਨਾ ਦੁਖਾਓ, ਇਸ ਨਾਲੋਂ ਭਾਰੀ ਗੁਨਾਹ ਹੋਰ ਕੋਈ ਨਹੀਂ। ਲੜਕੀ ਪੈਦਾ ਹੋਵੇ ਜਾਂ ਲੜਕਾ, ਇੱਕ ਬਰਾਬਰ ਖੁਸ਼ੀ ਮਨਾਈ ਜਾਵੇ। ਹਰ ਆਦਿ ਧਰਮੀ, ਹਿੰਦੂਆਂ, ਸਿੱਖਾਂ ਅਤੇ ਹੋਰ ਧਰਮਾਂ ਦੇ ਮੈਂਬਰਾਂ ਤੋਂ ਵੱਖਰਾ ਹੋ ਕੇ ਵਿਚਰੇਗਾ।

**(ਮਾਰਕ ਜੁਅਰਗਨਸਮੇਅਰ ਦੀ ਪੁਸਤਕ, 'ਪੰਜਾਬ ਦੇ ਧਾਰਮਿਕ ਬਾਗੀ' ਵਿੱਚੋਂ ਧੰਨਵਾਦ ਸਹਿਤ)**

ਜਿਹਨਾਂ ਸਾਡੇ ਬਜ਼ੁਰਗਾਂ ਵੱਡੇ ਵਡੇਰਿਆਂ ਨੇ ਅੱਜ ਤੋਂ 75-80 ਸਾਲ ਪਹਿਲਾਂ ਇਹਨਾਂ ਵਿਚਾਰਾਂ ਲਈ ਬਗਾਵਤ ਦਾ ਝੰਡਾ ਚੁੱਕਿਆ,ਉਹਨਾਂ ਦੀ ਸਮਝਦਾਰੀ ਅਤੇ ਸੰਘਰਸ਼ ਤੋਂ ਵਾਰੇ ਵਾਰੇ ਜਾਣ ਨੂੰ ਜੀਅ ਕਰਦਾ ਹੈ।

(ਚਲਦਾ)

**-ਸੋਹਣ ਸਹਿਜਲ**

# Raja™ SWEETS & CATERING®

Toll Free 1-866-FOR-RAJA
www.rajasweets.com
msbains@rajasweets.com

Follow us on:

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

## Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

## Raja Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



ਕਸ਼ਮੀਰ ਸਿੰਘ ਹੀਰਾ

# INDIA MARKET

SWEETS & SPICES

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਬਰਿੰਦਰ ਬੰਗੜ



Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

The Threading queen threading & HEENA TATTOOS
Call for appointment
(916) 297-0150, (916) 316-8199

1265 Pleasant grove blve# 100
Roseville 95747 (916) 297-0150, (916) 786-7666




## Sweets Spices Chaat House

Chaat Papdi. Samosa Chaat. Pani Puri. Dahi Vada. Bhel Puri Chaat

Chaat Plate Only for $2.99

916-786-7666

1265 Pleasant Grove Blvd. # 100 Roseville, CA 95747

## We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

916-338-5511

5203 Elkhorn Blvd.Sacramento, CA 95842

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Since 1990

Non Profit

# PCS SACRAMENTO

Presents

(USA)

14ਵੀਆਂ

# ਤੀਆਂ

# TEEYAN

## On Sunday, the 17th AUGUST 2014

At 1.00 P. M.

AT

## S.E.S. Hall

10427 E. STOCKTON BLVD.
ELK GROVE, CA 95624



**Featuring : Songs, Gidha, Dances, Skits, D.J. and Much More**

## ALL LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010,
Email: palpharwala@yahoo.com I Website : www.sacpcs.com

ਐਂਟਰੀ ਬਿਲਕੁਲ ਮੁਫ਼ਤ **No Cameras Will Be Allowed Inside The Hall** ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: bpp467@gmail.com